# ਆਲੋਚਨਾ

ਨਵੰਬਰ ੧੯੬੧

ਮੁਲ : ੫੦ ਨ: ਪੈ:

ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ

Approved for use in the Schools and Colleges of the Panjab
vide D. P. I's letter No. 3397—B—6/48—55—25796
dated July 1955.

# ਆਲੋਚਨਾ

ਸੰਪਾਦਕ :
ਪ੍ਰੋ. ਗੁਲਵੰਤ ਸਿੰਘ

ਜਿਲਦ ੭ ] ਨਵੰਬਰ ੧੯੬੧ [ ਕੁਲ ਅੰਕ ਨੰ: ੫੪
ਅੰਕ ੧੧ ]

## ਲੇਖ-ਸੂਚੀ

੧. ਸਮਾਲੋਚਨਾ ਦੀਆਂ ਹੱਦਾਂ — ਅਨੁਵਾਦਕ ਪ੍ਰੋ: ਗੁਲਵੰਤ ਸਿੰਘ — ੧
੨. ਪੰਜਾਬੀ, ਉਪ-ਭਾਖਾਵਾਂ, ਲਿਪੀ : ਉਨ੍ਹਾਂ ਦਾ ਨਿਕਾਸ ਤੇ ਵਿਕਾਸ — ਨਰੇਂਦਰ ਧੀਰ — ੨੩

ਡਾ: ਸ਼ੇਰ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਪੱਤ੍ਰਕਾ ਦੀ ਮਾਲਿਕ ਪੰਜਾਬੀ ਸਾਹਿੱਤ ਅਕਾਡਮੀ ਵਲੋਂ ਮਹਿੰਦਰਾ ਆਰਟ ਪ੍ਰੈਸ, ਕਚਹਰੀ ਰੋਡ, ਲੁਧਿਆਣਾ ਵਿੱਚ ਛਾਪ ਕੇ ਦਫ਼ਤਰ "ਆਲੋਚਨਾ" ੫੫੫ ਐਲ. ਮਾਡਲ ਟਾਊਨ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।

ਅਨੁਵਾਦਕ ਪ੍ਰੋ: ਗੁਲਵੰਤ ਸਿੰਘ—

# ਸਮਾਲੋਚਨਾ ਦੀਆਂ ਹੱਦਾਂ

(ਪ੍ਰਸਿੱਧ ਕਵੀ ਅਤੇ ਆਲੋਚਕ T. S. Eliot ਦੇ ਇਕ ਆਲੋਚਨਾਤਮਕ ਲੇਖ ਦਾ ਮੂਲ ਅੰਗ੍ਰੇਜ਼ੀ ਵਿੱਚੋਂ ਅਨੁਵਾਦ)

ਇਸ ਨਿਬੰਧ ਦਾ ਪ੍ਰਤਿਪਾਦਯ ਵਿਸ਼ਯ ਇਹ ਹੈ ਕਿ ਕੁਛ ਹੱਦਾਂ ਐਸੀਆਂ ਹਨ ਜਿਥੋਂ ਇਕ ਪਾਸੇ ਵੱਲ ਵਧ ਕੇ ਸਾਹਿੱਤਕ ਸਮਾਲੋਚਨਾ ਸਾਹਿੱਤਕ ਨਹੀਂ ਰਹਿੰਦੀ ਅਤੇ ਦੂਜੇ ਪਾਸੇ ਵੱਲ ਵਧਕੇ ਸਮਾਲੋਚਨਾ ਹੀ ਨਹੀਂ ਰਹਿੰਦੀ।

੧੯੨੩ ਵਿੱਚ ਮੈਂ ਇਕ ਨਿਬੰਧ ਲਿਖਿਆ ਸੀ ਜਿਸ ਦਾ ਸ਼ੀਰਸ਼ਕ ਸੀ "The Function of Criticism"। ਇਸ ਬਾਰੇ ਮੇਰੀ ਰਾਇ ਚੰਗੀ ਹੀ ਹੋਵੇਗੀ ਕਿਉਂਕਿ ਦਸ ਸਾਲ ਬਾਅਦ ਭੀ ਮੈਂ ਉਸਨੂੰ ਆਪਣੇ ਲੇਖ-ਸੰਗ੍ਰਹ-ਚੋਣਵੇਂ ਲੇਖਾਂ-ਵਿੱਚ ਸ਼ਾਮਿਲ ਕਰ ਲੀਤਾ ਸੀ ਜਿਥੇ ਇਹ ਹੁਣ ਭੀ ਮੌਜੂਦ ਹੈ। ਹੁਣ ਜਦ ਮੈਂ ਇਸ ਨੂੰ ਫਿਰ ਪੜ੍ਹਿਆ ਤਾਂ ਬੜੀ ਹੈਰਾਨੀ ਹੋਈ। ਹੈਰਾਨੀ ਮੈਨੂੰ ਇਸ ਗੱਲ ਤੇ ਸੀ ਕਿ ਇਹ ਸਾਰਾ ਹੰਗਾਮਾ ਆਖਿਰ ਕਿਸ ਲਈ ਸੀ। ਮੈਂ ਆਪਣੀ ਥਾਂ ਇਸ ਗੱਲੋਂ ਖੁਸ਼ ਸਾਂ ਕਿ ਇਸ ਵਿੱਚ ਮੇਰੇ ਵਰਤਮਾਨ-ਕਾਲਿਕ ਦ੍ਰਿਸ਼ਟਿਕੋਣ ਨੂੰ ਰੱਦ ਕਰਨ ਵਾਲੀ ਕੋਈ ਚੀਜ਼ ਨਹੀਂ ਹੈ। ਮਿਡਲਟਨ ਮਰੇ ਨਾਲ 'ਆਂਤਰਿਕ ਨਾਦ' ਸੰਬੰਧੀ ਝਗੜੇ ਤੋਂ ਛੁਟ ਹੁਣ ਮੈਨੂੰ ਇਹ ਭੀ ਯਾਦ ਨਹੀਂ ਕਿ ਉਸ ਮਤਭੇਦ ਦਾ ਕਾਰਣ ਕੀ ਸੀ। ਮੈਂ ਉਸ ਵਕਤ ਬਹੁਤ ਸਾਰੇ ਬਯਾਨ ਬੜੀ ਵਿਸ਼ਵਾਸ-ਦ੍ਰਿੜ੍ਹਤਾ ਅਤੇ ਗਰਮਜੋਸ਼ੀ ਨਾਲ ਦਿੱਤੇ ਸਨ। ਮੈਨੂੰ ਕੁਛ ਕੁਛ ਯਾਦ ਹੈ ਕਿ ਕਿ ਦੋ ਇੱਕ ਪ੍ਰਸਿੱਧ ਸਮਾਲੋਚਕ ਜੋ ਮੇਰੇ ਨਾਲੋਂ ਕਿਤੇ ਵੱਧ ਬੁਜ਼ੁਰਗ ਸਨ, ਆਪਣੀਆਂ ਰਚਨਾਵਾਂ ਦੁਆਰਾ ਮੇਰੀ ਇਸ ਜਿਗਿਆਸਾ ਨੂੰ ਤ੍ਰਿਪਤ ਨਹੀਂ ਕਰ ਸਕੇ ਸਨ ਕਿ ਸਾਹਿੱਤਕ ਸਮਾਲੋਚਨਾ ਕੈਸੀ ਹੋਣੀ ਚਾਹੀਦੀ ਹੈ। ਇਸ ਸਾਰੇ ਹੰਗਾਮੇ ਦੇ ਬਾਵਜੂਦ ਮੈਨੂੰ ਹੁਣ ਕਿਸੇ ਪੁਸਤਕ ਜਾਂ ਲੇਖ ਦਾ ਨਾਮ ਭੀ ਯਾਦ ਨਹੀਂ ਅਤੇ ਇਹ ਭੀ ਯਾਦ ਨਹੀਂ ਕਿ ਉਹ ਕਿਹੜੇ ਸਮਾਲੋਚਕ ਸਨ ਜੋ ਪ੍ਰਭਾਵਾਤਮਕ ਸਮਾਲੋਚਨਾ ਦੇ ਪ੍ਰਤਿਨਿਧੀ ਸਨ ਜਿਨ੍ਹਾਂ ਕਾਰਣ ਅਜ ਤੋਂ ਤੀਹ ਸਾਲ ਪਹਿਲਾਂ ਮੇਰੇ ਮਨ ਵਿਚ ਕ੍ਰੋਧ-ਅਗਨੀ ਭੜਕ

ਉੱਠੀ ਸੀ।

ਇਸ ਲੇਖ ਦਾ ਹਵਾਲਾ ਦੇਣ ਦਾ ਮੰਤਵ ਕੇਵਲ ਇਹ ਹੈ ਕਿ ਮੈਂ ਪਾਠਕਾਂ ਦਾ ਧਿਆਨ ਇਸ ਗੱਲ ਵੱਲ ਆਕਰਸ਼ਿਤ ਕਰਾਵਾਂ ਕਿ ਜੋ ਕੁਛ ਮੈਂ ੧੯੨੩ ਵਿੱਚ ਲਿਖਿਆ ਸੀ ਉਹ ਅਜ ਕਿਸ ਹੱਦ ਤਕ ਦਰੁਸਤ ਹੈ। ਰਿਚਰਡਜ਼ ਦੀ ਪੁਸਤਕ 'ਸਾਹਿੱਤਕ ਸਮਾਲੋਚਨਾ ਦੇ ਨਿਯਮ (The Principles of Literary Criticism) ੧੯੨੫ ਵਿੱਚ ਪ੍ਰਕਾਸ਼ਿਤ ਹੋਈ ਸੀ। ਜਦ ਤੋਂ ਇਹ ਪ੍ਰਭਾਵ-ਸ਼ਾਲੀ ਪੁਸਤਕ ਪ੍ਰਕਾਸ਼ਿਤ ਹੋਈ ਹੈ ਸਾਹਿੱਤਕ ਸਮਾਲੋਚਨਾ ਵਿੱਚ ਬੜੀ ਜ਼ਿਆਦਾ ਵਿਕਾਸ-ਪ੍ਰਗਤੀ ਹੋ ਚੁਕੀ ਹੈ ਅਤੇ ਸਾਹਿੱਤਕ ਸਮਾਲੋਚਨਾ ਕਿਤੇ ਦੀ ਕਿਤੇ ਪਹੁੰਚ ਗਈ ਹੈ। ਮੇਰਾ ਇਹ ਨਿਬੰਧ ਜਿਸਦਾ ਮੈਂ ਹੁਣੇ ਹਵਾਲਾ ਦਿੱਤਾ ਹੈ ਉਸ ਤੋਂ ਦੋ ਸਾਲ ਪਹਲਾਂ ਪ੍ਰਕਾਸ਼ਿਤ ਹੋਇਆ ਸੀ। ਹੁਣ ਸਮਾਲੋਚਨਾ ਬਹੁਤ ਵਿਕਾਸ-ਪ੍ਰਫੁਲੱਤਾ ਪ੍ਰਾਪਤ ਕਰ ਚੁਕੀ ਹੈ ਅਤੇ ਨਾਨਾਵਿਧ ਰੂਪਾਂ ਵਿਚ ਵਿਭਕਤ ਹੋ ਕੇ ਕਈ ਦਿਸ਼ਾਵਾਂ ਵਿੱਚ ਪਸਰ ਗਈ ਹੈ! 'ਨਵੀਨ ਸਮਾਲੋਚਨਾ ਦੇ ਪਾਰਿਭਾਸ਼ਿਕ ਸ਼ਬਦ ਨੂੰ ਲੋਕ ਇਹ ਸਮਝੇ ਬਿਨਾਂ ਕਿ ਉਹ ਕਿਤਨੇ ਨਾਨਾਤ੍ਵ ਨੂੰ ਪ੍ਰਸਤੁਤ ਕਰਦਾ ਹੈ ਵਰਤਦੇ ਰਹਿੰਦੇ ਹਨ। ਪਰ ਇਸ ਸ਼ਬਦ ਦਾ ਪ੍ਰਚਲਨ ਮੇਰੇ ਵਿਚਾਰ-ਅਨੁਸਾਰ ਇਸ ਯਥਾਰਥ ਨੂੰ ਸ੍ਵੀਕਾਰ ਕਰਦਾ ਹੈ ਕਿ ਅਜ ਦੇ ਬਹੁਤ ਸਾਰੇ ਪ੍ਰਮੁਖ ਸਮਾਲੋਚਕ (ਭਾਵੇਂ ਉਹ ਇਕ ਦੂਜੇ ਨਾਲੋਂ ਬਹੁਤ ਜ਼ਿਆਦਾ ਨਿਆਰੇ ਕਿਉਂ ਨਾ ਹੋਣ) ਆਪਣੀ ਪਿਛਲੀ ਨਸਲ ਤੋਂ ਸਰਵਥਾ ਵਧ ਵੱਖਰੇ ਅਵੱਸ਼ ਹਨ।

ਕਈ ਸਾਲ ਹੋਏ ਮੈਂ ਇਸ ਵਿਸ਼ਯ ਸੰਬੰਧੀ ਇਸ਼ਾਰਾ ਕੀਤਾ ਸੀ ਕਿ ਹਰ ਨਸਲ (ਪੀੜ੍ਹੀ) ਲਈ ਆਵਸ਼ੱਕ ਹੈ ਕਿ ਉਹ ਆਪਣੀ ਸਮਾਲੋਚਨਾ ਸ੍ਵਯਮ ਨਿਰਧਾਰਿਤ ਕਰੇ। ਮੈਂ ਕਹਿਆ ਸੀ ਕਿ ਹਰ ਪੀੜ੍ਹੀ ਕਲਾ-ਚੇਤਨਾ ਸੰਬੰਧੀ ਆਪਣੀ ਅਭਿਰੁਚੀ ਅਤੇ ਪ੍ਰਸ਼ੰਸਾ ਦੇ ਆਪਣੇ ਮਾਪ-ਦੰਡ ਨਿਸ਼ਚਿਤ ਕਰਦੀ ਹੈ, ਕਲਾ ਤੋਂ ਆਪਣੀਆਂ ਮੰਗਾਂ ਦਾ ਖ਼ੁਦ ਤਕਾਜ਼ਾ ਕਰਦੀ ਹੈ ਅਤੇ ਨਾਲੋ ਨਾਲ ਕਲਾ-ਪ੍ਰਯੋਗ ਸੰਬੰਧੀ ਆਪਣੇ ਵਿਵਹਾਰ-ਨਿਯਮ ਅਤੇ ਸਿੱਧਾਂਤ ਲਭਦੀ ਹੈ। ਜਦ ਇਹ ਗੱਲ ਮੈਂ ਕਹੀ ਸੀ ਤਾਂ ਮੈਨੂੰ ਵਿਸ਼ਵਾਸ ਸੀ ਕਿ ਮੇਰੇ ਮਸਤਿਸ਼ਕ ਵਿੱਚ ਉਸ ਵਕਤ ਰਸਗਿਅਤਾ ਅਤੇ ਪ੍ਰਚਲਨ ਦੇ ਪਰਿਵਰਤਨਾਂ ਤੋਂ ਛੁਟ ਬਹੁਤ ਕੁਛ ਸੀ। ਘੱਟ ਤੋਂ ਘੱਟ ਇਹ ਗੱਲ ਤਾਂ ਮੇਰੇ ਮਸਤਿਸ਼ਕ ਵਿੱਚ ਅਵਸ਼ ਸੀ ਕਿ ਹਰ ਪੀੜ੍ਹੀ ਅਤੀਤ-ਕਾਲੀਨ ਸ਼ਾਹਕਾਰਾਂ ਨੂੰ ਨਿਆਰੇ ਪਰਿਪਾਰਸ਼ਵ ਵਿੱਚ ਵੇਖ ਕੇ ਆਪਣੀ ਪੂਰਵ-ਵਰਤੀ ਨਸਲ ਦੇ ਮੁਕਾਬਲੇ ਵਿੱਚ ਵਧੀਕ ਪ੍ਰਭਾਵ ਗ੍ਰਹਣ ਕਰ ਕੇ ਆਪਣੇ ਰਵਈਏ ਨੂੰ ਨਿਸ਼ਚਿਤ ਕਰਦੀ ਹੈ। ਪਰ ਮੈਨੂੰ ਇਹ ਸੰਦੇਹ ਹੈ ਕਿ ਕੀ ਉਸ ਵਕਤ ਇਹ ਗੱਲ ਭੀ ਮੇਰੇ ਮਸਤ੍ਰਿਸ਼ਕ ਵਿੱਚ ਸੀ ਕਿ ਸਾਹਿੱਤਕ ਸਮਾਲੋਚਨਾ ਦੀ ਕੋਈ ਵਿਸ਼ਿਸ਼ਟ ਰਚਨਾ ਸ੍ਵਯਮ ਸਾਹਿੱਤਕ ਸਮਾਲੋਚਨਾ ਦੀ

ਪਰਿਭਾਸ਼ਾ ਦੇ ਸਾਰ-ਤੱਤ੍ਰ ਨੂੰ ਬਦਲ ਕੇ ਉਸ ਵਿੱਚ ਵਿਸਤਾਰ ਪੈਦਾ ਕਰਨ ਵਿੱਚ ਸਮਰਥ ਹੈ। ਕੁਛ ਅਰਸਾ ਹੋਇਆ ਮੈਂ ੧੯ਵੀਂ ਸਦੀ ਤੋਂ ਲੈ ਕੇ ਸਾਂਪ੍ਰਤਿਕ ਕਾਲ ਤਕ ਸ਼ਬਦ 'ਸ਼ਿਕ੍ਸ਼ਾ' ਦੇ ਅਰਥ ਵਿੱਚ ਅਵਿਰਤ ਪਰਿਵਰਤਨ ਦਾ ਜਾਇਜ਼ਾ ਲੈ ਕੇ ਧਿਆਨ ਇਸ ਗੱਲ ਵੱਲ ਆਕਰਸ਼ਿਤ ਕਰਾਇਆ ਸੀ ਕਿ ਇਹ ਅਵਿਰਤ ਪਰਿਵਰਤਨ ਨਾ ਕੇਵਲ ਇਸ ਕਾਰਣ ਹੁੰਦਾ ਰਹਿਆ ਹੈ ਕਿ 'ਸ਼ਿਕ੍ਸ਼ਾ' ਵਿੱਚ ਜ਼ਿਆਦਾ ਤੋਂ ਜ਼ਿਆਦਾ ਮਜ਼ਮੂਨ ਸ਼ਾਮਿਲ ਕੀਤੇ ਜਾਂਦੇ ਰਹੇ ਹਨ ਸਗੋਂ ਇਸ ਕਾਰਣ ਭੀ ਹੋਇਆ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਆਬਾਦੀ ਨੂੰ ਇਸ ਨਾਲ ਪਰਿਚਿਤ ਕਰਾ ਦਿੱਤਾ ਗਇਆ ਹੈ। ਜੇ ਇਸ ਤਰੀਕੇ ਨਾਲ ਅਸੀਂ ਸਾਹਿੱਤਕ ਸਮਾਲੋਚਨਾ ਦੇ ਵਿਕਾਸ ਦਾ ਜਾਇਜ਼ਾ ਲਈਏ ਤਾਂ ਇਥੇ ਭੀ ਐਸੇ ਹੀ ਪਰਿਵਰਤਨ ਦੀ ਪ੍ਰਤੀਤੀ ਹੋਵੇਗੀ। ਜਾਨਸਨ ਰਚਿਤ Lives of the Poets ਜੇਹੇ ਸਮਾਲੋਚਨਾਤਮਕ ਸ਼ਾਹਕਾਰ ਦੀ ਤੁਲਨਾ ਉਸ ਤੋਂ ਬਾਅਦ ਦੇ ਮਹਾਨ ਸਮਾਲੋਚਨਾਤਮਕ ਸ਼ਾਹਕਾਰ ਕਾਲਰਿਜ ਰਚਿਤ Biographia Literaria ਨਾਲ ਕਰਕੇ ਵੇਖੋ। ਨੁਕਤਾ ਸਿਰਫ ਇਤਨਾ ਹੀ ਨਹੀਂ ਕਿ ਜਾਨਸਨ ਇਕ ਐਸੀ ਸਾਹਿੱਤਕ ਪਰੰਪਰਾ ਦੀ ਤਰਜਮਾਨੀ ਕਰਦਾ ਹੈ, ਜਿਸ ਦਾ ਉਹ ਸੂਖਮ ਅੰਤਿਮ ਪ੍ਰਤਿਨਿਧੀ ਸੀ: ਅਤੇ ਇਸ ਦੇ ਵਿਪਰੀਤ ਕਾਲਰਿਜ ਨਵੀਨ ਸ਼ੈਲੀ ਦੀਆਂ ਖ਼ੂਬੀਆਂ ਦੀ ਪੁਸ਼ਟੀ ਤੇ ਸਮਰਥਨ ਕਰਦਾ ਹੈ ਅਤੇ ਇਸ ਦੀਆਂ ਕਮਜ਼ੋਰੀਆਂ ਉਪਰ ਆਲੋਚਨਾ ਕਰਦਾ ਹੈ। ਜੋ ਕੁਛ ਮੈਂ ਕਹ ਰਹਿਆ ਹਾਂ ਉਸ ਵਿਚ ਸਪਸ਼ਟ ਅੰਤਰ ਇਹ ਹੈ ਕਿ ਕਾਲਰਿਜ ਨੇ ਕਵਿਤਾ ਸੰਬੰਧੀ ਚਰਚਾ ਵਿੱਚ ਅਧਿਕ ਨਾਨਾਤ੍ਰ ਅਤੇ ਵਿਸ਼ਾਲਤਾ ਪੈਦਾ ਕੀਤੀ। ਉਸ ਨੇ ਸਾਹਿੱਤਕ ਸਮਾਲੋਚਨਾ ਵਿੱਚ ਦਰਸ਼ਨ ਸੌਂਦਰਜਵਾਦ ਅਤੇ ਮਨੋਵਿਗਿਆਨ ਨੂੰ ਸ਼ਾਮਿਲ ਕੀਤਾ। ਜਦ ਇਕ ਵਾਰ ਕਾਲਰਿਜ ਨੇ ਉਕਤ ਵਿਧਾਨ-ਤੱਤ੍ਰ ਸਾਹਿੱਤਕ ਸਮਾਲੋਚਨਾ ਵਿੱਚ ਸ਼ਾਮਿਲ ਕਰ ਦਿਤੇ ਤਾਂ ਭਵਿਖ ਦਾ ਸਮਾਲੋਚਕ ਸਿਰਫ ਆਪਣੀ ਜ਼ਿੰਮੇਦਾਰੀ ਤੇ ਉਨ੍ਹਾਂ ਨੂੰ ਨਜ਼ਰ-ਅੰਦਾਜ਼ ਕਰਨ ਦਾ ਹੌਸਲਾ ਨਹੀਂ ਕਰ ਸਕਦਾ। ਜਾਨਸਨ ਦੀ ਪਰਖ-ਪ੍ਰਸ਼ੰਸਾ ਕਰਨ ਲਈ ਅਸਲ ਵਿੱਚ ਇੱਕ ਇਤਿਹਾਸਕ ਅਨੁਭਵ ਦੀ ਲੋੜ ਪੈਂਦੀ ਹੈ। ਇਕ ਨਵੀਨ ਸਮਾਲੋਚਕ ਦੀ ਸਾਂਝ ਕਾਲਰਿਜ ਨਾਲ ਅਧਿਕ ਹੈ। ਅਜ ਦੀ ਸਮਾਲੋਚਨਾ ਨੂੰ ਕਾਲਰਿਜ ਦੀ ਜਾਨਸ਼ੀਨ ਕਹਿਆ ਜਾ ਸਕਦਾ ਹੈ। ਜੇ ਅਜ ਉਹ ਆਪ ਜੀਵਿਤ ਹੁੰਦਾ ਤਾਂ ਉਹ ਆਪ ਭੀ ਸਮਾਜ-ਸ਼ਾਸਤ੍ਰ, ਭਾਸ਼ਾ-ਵਿਗਿਆਨ ਅਤੇ ਸ਼ਬਦ-ਵਿਧਾਨ ਵਿੱਚ ਉਤਨੀ ਹੀ ਦਿਲਚਸਪੀ ਲੈਂਦਾ, ਜਿਤਨੀ ਉਸ ਨੇ ਆਪਣੇ ਜ਼ਮਾਨੇ ਦੇ ਗਿਆਨ-ਪ੍ਰਕਾਰਾਂ ਅਤੇ ਵਿਗਿਆਨ ਵਿੱਚ ਲਈ ਸੀ।

ਅਸਾਡੇ ਜ਼ਮਾਨੇ ਵਿੱਚ ਸਾਹਿੱਤਕ ਸਮਾਲੋਚਨਾ ਦੇ ਰੂਪਾਂਤਰ ਦੇ ਕਾਰਣਾਂ ਵਿੱਚੋਂ ਇੱਕ ਤਾਂ ਇਹ ਹੈ ਕਿ ਅਸਾਂ ਸਾਹਿੱਤ ਨੂੰ ਉਨ੍ਹਾਂ ਗਿਆਨ-ਪ੍ਰਕਾਰਾਂ ਦੇ ਪ੍ਰਕਾਸ਼ ਵਿੱਚ ਵੇਖਣ ਦਾ ਯਤਨ ਕੀਤਾ ਹੈ। ਦੂਸਰਾ ਕਾਰਣ ਹੁਣ ਤਕ ਸਪਸ਼ਟ ਨਹੀਂ ਹੋ

ਸਕਿਆ ਹੈ । ਅਸਾਡੀਆਂ ਯੂਨੀਵਰਸਟੀਆਂ ਅਤੇ ਸਕੂਲਾਂ ਵਿੱਚ ਅੰਗ੍ਰੇਜ਼ੀ ਤੇ ਅਮਰੀਕੀ ਸਾਹਿੱਤ ਦੇ ਅਧਿਐਨ ਸੰਬੰਧੀ ਵਧਦੀ ਹੋਈ ਦਿਲਚਸਪੀ ਨੇ ਐਸੀਆਂ ਪਰਿਸਥਿਤੀਆਂ ਉਤਪੰਨ ਕਰ ਦਿੱਤੀਆਂ ਹਨ ਜਿਸ ਦੇ ਕਾਰਣ ਬਹੁਤ ਸਾਰੇ ਸਮਾਲੋਚਕ ਅਧਿਆਪਕ ਅਤੇ ਬਹੁਤ ਸਾਰੇ ਅਧਿਆਪਕ ਸਮਾਲੋਚਕ ਬਣ ਗਏ ਹਨ । ਮੈਂ ਇਸ ਪਰਿਸਥਿਤੀ ਬਾਰੇ ਕੋਈ ਖੇਦ ਪ੍ਰਗਟ ਕਰਨਾ ਨਹੀਂ ਚਾਹੁੰਦਾ ਕਿਉਂਕਿ ਅਸਾਡੇ ਜ਼ਮਾਨੇ ਦੀ ਅਧਿਕ ਵਾਸਤਵਿਕ ਅਤੇ ਆਕਰਸ਼ਕ ਸਮਾਲੋਚਨਾ ਉਨ੍ਹਾਂ ਗਿਆਨਵਾਨਾਂ ਨੇ ਕੀਤੀ ਹੈ ਜੋ ਯੂਨੀਵਰਸਟੀਆਂ ਵਿੱਚ ਚਲੇ ਗਏ ਹਨ, ਅਤੇ ਉਨ੍ਹਾਂ ਵਿਦਿਆਵਿਅਸਨੀ ਪ੍ਰਗਿਆਵਾਨਾਂ ਦੇ ਅਭਿਆਸ ਦਾ ਨਿਸ਼ਕਰਸ਼ ਹੈ, ਜਿਨ੍ਹਾਂ ਦੀਆਂ ਸਮਾਲੋਚਨਾਤਮਕ ਸਰਗਰਮੀਆਂ ਪਹਲਾਂ ਕਲਾਸ-ਰੂਮ ਵਿੱਚ ਰੂਪਮਾਨ ਹੋਈਆਂ । ਅਜ ਕਲ ਜਦੋਂ ਗੰਭੀਰ ਸਾਹਿੱਤਕ ਪ੍ਰਤਕਾਰੀ ਨਾਕਾਫ਼ੀ ਹੈ ਅਤੇ ਨਾਲੋਂ ਨਾਲ ਕੁਛ ਇੱਕ ਨੂੰ ਛੱਡ ਕੇ ਸਾਰਿਆਂ ਦੀ ਤਰਫਦਾਰੀ ਕਰਨ ਦਾ ਭਯਾਨਕ ਸਧਾਨ ਹੈ; ਸਾਹਿੱਤਕ ਸਮਾਲੋਚਨਾ ਭੀ ਐਸੀ ਹੋ ਕੇ ਰਹ ਗਈ ਹੈ ਜੈਸਾ ਉਸ ਨੂੰ ਇਨ੍ਹਾਂ ਪਰਿਸਥਿਤੀਆਂ ਵਿੱਚ ਹੋਣਾ ਚਾਹੀਦਾ ਸੀ । ਇਹ ਗੱਲ ਕਹਣ ਤੋਂ ਮੇਰਾ ਅਭਿਪ੍ਰਾਯ ਕੇਵਲ ਇਹੀ ਹੈ ਕਿ ਅਜ ਦਾ ਸਮਾਲੋਚਕ ਸੰਸਾਰ ਨਾਲ ਕੁਛ ਭਿੰਨ ਪ੍ਰਕਾਰ ਦਾ ਸੰਬੰਧ ਰਖਦਾ ਹੈ ਅਤੇ ਆਪਣੇ ਪੂਰਵ-ਵਰਤੀ ਲੇਖਕਾਂ ਨਾਲੋਂ ਵਿਭਿੰਨ ਪ੍ਰਕਾਰ ਦੇ ਪਾਠਕਾਂ ਲਈ ਲਿਖਦਾ ਹੈ । ਮੇਰਾ ਵਿਚਾਰ ਤਾਂ ਇਹ ਹੈ ਕਿ ਹੁਣ ਗੰਭੀਰ ਸਮਾਲੋਚਨਾ ੧੯ਵੀਂ ਸ਼ਤਾਬਦੀ ਦੇ ਮੁਕਾਬਲੇ ਵਿੱਚ ਅਪੇਕ੍ਸ਼ਾਕ੍ਰਿਤ ਸੀਮਿਤ ਸੰਖਿਆ ਲਈ ਲਿਖੀ ਜਾ ਰਹੀ ਹੈ; ਅਤੇ ਇਸ ਨੂੰ ਪੜ੍ਹਨ ਵਾਲੇ ਭੀ ਨਿਆਰੇ ਲੋਕ ਹਨ । ਇਹ ਸਪਸ਼ਟ ਰਹੇ ਕਿ ਇਸ ਦਾ ਇਹ ਅਭਿਪ੍ਰਾਯ ਨਹੀਂ ਹੈ ਕਿ ੧੯ਵੀਂ ਸ਼ਤਾਬਦੀ ਦੇ ਮੁਕਾਬਲੇ ਵਿੱਚ ਗੰਭੀਰ ਸਮਾਲੋਚਨਾ ਨੂੰ ਪੜ੍ਹਨ ਵਾਲਿਆਂ ਦੀ ਗਿਣਤੀ ਭੀ ਹੁਣ ਘਟ ਹੋ ਗਈ ਹੈ ।

ਨਵੀਨ ਸਮਾਲੋਚਨਾ ਦੀ ਇਕ ਕਮਜ਼ੋਰੀ ਇਹ ਹੈ ਕਿ ਇਸ ਨੂੰ ਆਪ ਵਿਸ਼ਵਾਸ ਨਹੀਂ ਕਿ ਸਮਾਲੋਚਨਾ ਕਿਸ ਰੋਗ ਦੀ ਦਵਾ ਹੈ । ਇਸ ਤੋਂ ਕੀ ਲਾਭ ਪ੍ਰਾਪਤ ਹੁੰਦਾ ਹੈ ਅਤੇ ਇਹ ਲਾਭ ਕਿਸ ਪ੍ਰਕਾਰ ਦੇ ਲੋਕਾਂ ਨੂੰ ਹੁੰਦਾ ਹੈ ? ਸ਼ਾਇਦ ਇਸ ਦੀ ਸੂਖਮਤਾ, ਗੰਭੀਰਤਾ ਅਤੇ ਨਾਨਾਤ੍ਵ ਨੇ ਇਸ ਦੇ ਮੂਲਭੂਤ ਪ੍ਰਯੋਜਨ ਨੂੰ ਅਸਪਸ਼ਟ ਕਰ ਦਿੱਤਾ ਹੈ । ਹੋ ਸਕਦਾ ਹੈ ਕਿ ਹਰ ਸਮਾਲੋਚਕ ਦੇ ਸਨਮੁਖ ਇਕ ਵਿਸ਼ੇਸ਼ ਲਕ੍ਸ਼ ਹੋਵੇ; ਉਹ ਕਿਸੇ ਐਸੇ ਕਰਮ-ਵਿਆਪਾਰ ਵਿੱਚ ਲੀਨ ਹੋਵੇ, ਜਿਸ ਲਈ ਕਿਸੇ ਜਵਾਜ਼ ਦੀ ਜ਼ਰੂਰਤ ਨਹੀਂ । ਪਰ ਇਸ ਦੇ ਬਾਵਜੂਦ ਜਿਥੋਂ ਤਕ ਪ੍ਰਯੋਜਨ ਦਾ ਸੰਬੰਧ ਹੈ, ਸਮਾਲੋਚਨਾ ਆਪ ਹੀ ਪਥ-ਭ੍ਰਸ਼ਟ ਹੋ ਗਈ ਹੈ । ਜੇ ਐਸਾ ਹੈ ਤਾਂ ਇਸ ਵਿੱਚ ਹੈਰਾਨੀ ਦੀ ਕੋਈ ਗੱਲ ਨਹੀਂ ; ਕਿਉਂਕਿ ਹੁਣ ਇਹ ਇਕ ਆਮ ਜੇਹੀ ਗੱਲ ਹੈ ਕਿ ਵਿਗਿਆਨ ਅਤੇ ਮਾਨਵ-ਉਪਯੋਗੀ ਗਿਆਨ-ਪ੍ਰਕਾਰ

ਆਪਣੀ ਵਿਕਾਸ-ਪ੍ਰਗਤੀ ਦੀ ਉਸ ਸਥਿਤੀ ਤੇ ਪਹੁੰਚ ਗਏ ਹਨ ਜਿੱਥੇ ਹਰ ਸ਼ਾਖ ਬਾਰੇ ਬਹੁਤ ਕੁਛ ਜਾਨਣ ਅਤੇ ਸਮਝਣ ਦੀ ਲੋੜ ਪੈਂਦੀ ਹੈ। ਕਿਸੇ ਵਿਦਿਆਰਥੀ ਕੋਲ ਇਤਨਾ ਵਕਤ ਨਹੀਂ ਹੈ ਕਿ ਉਹ ਆਪਣੇ ਮਜ਼ਮੂਨ ਤੋਂ ਛੁਟ ਕਿਸੇ ਹੋਰ ਚੀਜ਼ ਨੂੰ ਸਿਖਣ ਵੱਲ ਪ੍ਰਵਿੱਤ ਹੋ ਸਕੇ। ਕਿਸੇ ਐਸੇ ਪਾਠ-ਵਿਧਾਨ ਦੀ ਤਲਾਸ਼ ਜਿਸ ਵਿੱਚ ਸਾਮਾਨਜ ਸ਼ਿਕ੍ਸ਼ਾ ਅਤੇ ਵਿਸ਼ੇਸ਼ ਸ਼ਿਕ੍ਸ਼ਾ ਨੂੰ ਇਕ ਦੂਜੇ ਵਿਚ ਜਜ਼ਬ ਕੀਤਾ ਜਾ ਸਕੇ, ਹੁਣ ਇਕ ਐਸਾ ਮਸਲਾ ਬਣ ਗਇਆ ਹੈ ਜਿਸ ਉਪਰ ਆਏ ਦਿਨ ਯੂਨੀਵਰਸਟੀਆਂ ਵਿਚ ਚਰਚਾ ਹੁੰਦੀ ਰਹਿੰਦੀ ਹੈ।

ਇਹ ਜ਼ਰੂਰ ਹੈ ਕਿ ਅਸੀਂ ਅਰਸਤੂ ਅਤੇ St. Thonas Aquinas ਦੇ ਸੰਸਾਰ ਵਿਚ ਵਾਪਸ ਨਹੀਂ ਜਾ ਸਕਦੇ ਅਤੇ ਨਾ ਅਸੀਂ ਕਾਲਰਿਜ ਤੋਂ ਪਹਲਾਂ ਦੀ ਸਾਹਿੱਤਕ ਸਮਾਲੋਚਨਾ ਵੱਲ ਪਰਤ ਸਕਦੇ ਹਾਂ। ਪਰ ਆਪਣੇ ਆਪ ਨੂੰ ਆਪਣੀ ਸਮਾਲੋਚਨਾਤਮਕ ਸ਼ਕਤੀ ਦੁਆਰਾ ਅਭਿਭੂਤ ਹੋਣ ਤੋਂ ਬਚਾਉਣ ਲਈ ਇਹ ਜ਼ਰੂਰ ਕਰ ਸਕਦੇ ਹਾਂ ਕਿ ਅਸੀਂ ਸਦਾ-ਸਰਵਦਾ ਐਸੇ ਪ੍ਰਸ਼ਨ ਉਠਾਉਂਦੇ ਰਹੀਏ ਕਿ ਆਖਿਰ ਉਹ ਕਿਹੜੀ ਹੱਦ ਹੈ ਜਦ ਸਾਹਿੱਤਕ ਸਮਾਲੋਚਨਾ ਸਾਹਿੱਤਕ ਨਹੀਂ ਰਹਿੰਦੀ ਸਗੋਂ ਕੁਛ ਹੋਰ ਹੋ ਜਾਂਦੀ ਹੈ।

ਮੈਂ ਕਈ ਵਾਰ ਇਹ ਵੇਖਕੇ ਹੈਰਾਨ ਰਹ ਜਾਂਦਾ ਹਾਂ ਕਿ ਮੈਨੂੰ ਨਵੀਨ ਸਮਾਲੋਚਨਾ ਦਾ ਅਗ੍ਰਦੂਤ ਸਮਝਿਆ ਜਾਂਦਾ ਹੈ। ਮੈਂ ਇਕ ਪੁਸਤਕ ਇਨ੍ਹਾਂ ਦਿਨਾਂ ਵਿਚ ਹੀ ਪੜ੍ਹੀ ਹੈ ਜਿਸ ਨੂੰ ਇਕ ਐਸੇ ਵਿਦਵਾਨ ਨੇ ਲਿਖਿਆ ਹੈ ਜੋ ਨਿਰਸੰਦੇਹ ਨਵੀਨ ਸਮਾਲੋਚਕ ਅਖਵਾਉਣ ਦਾ ਅਧਿਕਾਰੀ ਹੈ। ਮੈਨੂੰ ਇਸ ਵਿੱਚ ਨਵੀਨ ਸਮਾਲੋਚਨਾ ਦਾ ਹਵਾਲਾ ਮਿਲਦਾ ਹੈ ਜਿਸ ਤੋਂ ਲੇਖਕ ਦਾ ਅਭਿਪ੍ਰਾਯ ਇਹ ਹੈ ਕਿ ਉਹ ਇਸ ਤੋਂ ਨਾ ਕੇਵਲ ਅਮਰੀਕੀ ਸਮਾਲੋਚਕ ਮੁਰਾਦ ਲੈਂਦਾ ਹੈ ਸਗੋਂ ਇਸ ਤੋਂ ਉਹ ਸਮਸਤ ਸਾਹਿੱਤਕ ਸਮਾਲੋਚਨਾ ਮੁਰਾਦ ਲੈਂਦਾ ਹੈ ਜੋ T. S. Eliot ਦੇ ਪ੍ਰਭਾਵ ਦੇ ਫਲਸ੍ਵਰੂਪ ਵਿਕਾਸ-ਪ੍ਰਫੁੱਲਤਾ ਨੂੰ ਪ੍ਰਾਪਤ ਹੋਈ ਹੈ। ਮੇਰੀ ਸਮਝ ਵਿੱਚ ਇਹ ਗੱਲ ਨਹੀਂ ਆਉਂਦੀ ਕਿ ਵਿਦਵਾਨ ਲੇਖਕ ਨੇ ਅਮਰੀਕੀ ਸਮਾਲੋਚਕ-ਮੰਡਲ ਚੋਂ ਮੈਨੂੰ ਇਤਨੀ ਤੇਜ਼ੀ ਨਾਲ ਕਿਉਂ ਕੱਢ ਦਿੱਤਾ ਹੈ। ਇਸ ਤੋਂ ਛੁਟ ਮੈਂ ਕਿਸੇ ਐਸੇ ਸਮਾਲੋਚਨਾਤਮਕ ਅੰਦੋਲਨ ਨੂੰ ਸਮਝਣ ਤੋਂ ਆਪ ਹੀ ਅਸਮਰਥ ਹਾਂ ਜਿਸ ਬਾਰੇ ਇਹ ਕਹਿਆ ਜਾਵੇ ਕਿ ਉਸ ਦਾ ਅਗ੍ਰਦੂਤ ਮੈਂ ਆਪ ਹਾਂ। ਮੈਨੂੰ ਇਤਨਾ ਵਿਸ਼ਵਾਸ ਜ਼ਰੂਰ ਹੈ ਕਿ ਇਕ ਸੰਪਾਦਕ ਦੀ ਹੈਸੀਅਤ ਵਿੱਚ ਮੈਂ ਨਵੀਨ ਸਮਾਲੋਚਨਾ ਜਾਂ ਇਸ ਦੇ ਕੁਛ ਹਿੱਸੇ ਨੂੰ ਪ੍ਰੋਤਸਾਹਨ ਜ਼ਰੂਰ ਦਿੱਤਾ ਹੈ ਅਤੇ ਆਪਣੇ ਰਿਸਾਲੇ 'The Criterion'' ਵਿੱਚ ਇਸ ਦਾ ਅਭਿਆਸ ਭੀ ਕਰਾਇਆ ਹੈ। ਮੇਰਾ ਆਪਣਾ ਵਿਚਾਰ ਇਹ ਹੈ ਕਿ ਆਪਣੀ ਜ਼ਾਹਿਰਾ ਨਮਰਤਾ ਦਾ ਭਰਮ ਰੱਖਣ ਲਈ ਜ਼ਰੂਰੀ ਹੈ ਕਿ ਮੈਂ ਇਸ ਗੱਲ ਵੱਲ ਭੀ ਸੰਕੇਤ ਕਰ ਦਿਆਂ ਕਿ ਮੈਂ ਆਪ ਸਾਹਿੱਤਕ

ਸਮਾਲੋਚਨਾ ਨੂੰ ਕੀ ਦਿੱਤਾ ਹੈ, ਅਤੇ ਉਸਦੀਆਂ ਕਮਜ਼ੋਰੀਆਂ ਤੇ ਹੱਦਾਂ ਕੀ ਹਨ। ਮੇਰੀ ਸਰਵੋਤਮ ਸਾਹਿੱਤਕ ਸਮਾਲੋਚਨਾ ਉਨ੍ਹਾਂ ਨਿਬੰਧਾਂ ਵਿੱਚ ਹੈ ਜਿਨ੍ਹਾਂ ਵਿੱਚ ਮੈਂ ਉਨ੍ਹਾਂ ਕਵੀਆਂ ਅਤੇ ਕਾਵਿਆਤਮਕ ਨਾਟਕ-ਕਾਰਾਂ ਦਾ ਉੱਲੇਖ ਕੀਤਾ ਹੈ ਜਿਨ੍ਹਾਂ ਤੋਂ ਮੈਂ ਆਪ ਪ੍ਰਭਾਵਿਤ ਹੋਇਆ ਹਾਂ। ਵਾਸਤਵ ਵਿੱਚ ਮੇਰੇ ਸਾਰੇ ਨਿਬੰਧ ਮੇਰੇ ਆਪਣੇ ਕਾਵਿਆਤਮਕ ਕਾਰਖਾਨੇ ਦੀ ਜ਼ਿਮਨੀ ਪੈਦਾਵਾਰ ਦੀ ਹੈਸੀਅਤ ਰਖਦੇ ਹਨ ਜਾਂ ਫਿਰ ਇਉਂ ਕਹ ਲਵੋ ਕਿ ਮੇਰੇ ਆਪਣੇ ਅਨੁਚਿੰਤਨ ਦੇ ਵਿਸਤਾਰ ਦਾ ਪ੍ਰਗਟਾਉ ਹਨ ਜਿਸ ਨਾਲ ਮੈਂ ਆਪਣੀ ਕਾਵਿ-ਸਾਮਗ੍ਰੀ ਦੀ ਰਚਨਾ ਦੇ ਸਿਲਸਿਲੇ ਵਿਚ ਸੰਪ੍ਰਿਕ੍ਤ ਹੋਇਆ ਹਾਂ। ਜਦ ਮੈਂ ਆਪਣੇ ਅਤੀਤ ਉਪਰ ਦ੍ਰਿਸ਼ਟਿ-ਪਾਤ ਕਰਦਾ ਹਾਂ ਤਾਂ ਦੇਖਦਾ ਹਾਂ ਕਿ ਮੈਂ ਉਨ੍ਹਾਂ ਕਵੀਆਂ ਬਾਰੇ ਅਤਿ-ਉੱਤਮ ਨਿਬੰਧ ਲਿਖੇ ਹਨ ਜਿਨ੍ਹਾਂ ਨੇ ਮੇਰੀ ਕਵਿਤਾ ਨੂੰ ਪ੍ਰਭਾਵਿਤ ਕੀਤਾ ਹੈ, ਅਤੇ ਜਿਨ੍ਹਾਂ ਦੀ ਕਵਿਤਾ ਤੋਂ ਮੈਂ ਉਨ੍ਹਾਂ ਬਾਰੇ ਲਿਖਣ ਦੀ ਚਾਹ ਜਾਂ ਅਵਸਰ ਤੋਂ ਬਹੁਤ ਪਹਲਾਂ ਪੂਰੇ ਤੌਰ ਤੇ ਭਲੀ ਪ੍ਰਕਾਰ ਪਰਿਚਿਤ ਸਾਂ। ਇਸ ਲਿਹਾਜ਼ ਨਾਲ ਮੇਰੇ ਅਤੇ ਐਜ਼ਰਾਪਾਉਂਡ ਵਿੱਚ ਇਸ ਗੁਣ-ਵਿਸ਼ੇਸ਼ਤਾ ਦੀ ਸਾਂਝ ਹੈ। ਮਤਲਬ ਇਹ ਹੈ ਕਿ ਇਨ੍ਹਾਂ ਕਵੀਆਂ ਦੀਆਂ ਖੂਬੀਆਂ ਜਾਂ ਕਮਜ਼ੋਰੀਆਂ ਨੂੰ ਸਿਰਫ਼ ਉਸੇ ਵਕਤ ਪੂਰੇ ਤੌਰ ਤੇ ਸਲਾਹਿਆ ਜਾ ਸਕਦਾ ਹੈ ਜਦ ਉਨ੍ਹਾਂ ਨੂੰ ਮੇਰੀ ਆਪਣੀ ਕਵਿਤਾ ਦੇ ਸੰਬੰਧ-ਸਾਪੇਕ੍ਸ਼ ਅਨੁਸਾਰ ਦੇਖਿਆ ਅਤੇ ਸਮਝਿਆ ਜਾਵੇ। ਐਜ਼ਰਾਪਾਉਂਡ ਦੀਆਂ ਰਚਨਾਵਾਂ ਵਿੱਚ ਅਸਾਨੂੰ ਇਕ ਉਪਦੇਸ਼ਾਤਮਕ ਪ੍ਰਯੋਜਨ ਨਜ਼ਰ ਆਉਂਦਾ ਹੈ। ਮੇਰਾ ਵਿਚਾਰ ਹੈ ਕਿ ਉਸਦੇ ਸੰਬੋਧਜ ਅਕਸਰ ਉਹ ਨੌਜਵਾਨ ਕਵੀ ਹੁੰਦੇ ਹਨ ਜਿਨ੍ਹਾਂ ਦੀ ਸ਼ੈਲੀ ਅਜੇ ਮੂਰਤੀਮਾਨ ਨਹੀਂ ਹੋਈ ਹੈ। ਇਨ੍ਹਾਂ ਕੁਛ ਕਵੀਆਂ ਨਾਲ ਉਸਦਾ ਪ੍ਰੇਮ ਜਿਨ੍ਹਾਂ ਨੇ ਉਸਨੂੰ ਪ੍ਰਭਾਵਿਤ ਕੀਤਾ ਹੈ (ਜੈਸਾ ਕਿ ਮੈਂ ਆਪਣੇ ਬਾਰੇ ਕਹਿਆ ਹੈ) ਅਤੇ ਆਪਣੀ ਕਵਿਤਾ ਬਾਰੇ ਸੋਚ-ਵਿਚਾਰ ਕਰਦੇ ਹੋਏ ਜੋ ਕੁਛ ਉਸ ਉਪਰ ਵਾਪਰੀ ਹੈ ਉਸ ਦੀ ਪਹਲੀ ਪੁਸਤਕ The Spirit of Romance ਉਨ੍ਹਾਂ ਹੀ ਪ੍ਰਭਾਵ-ਵਿਆਪਾਰਾਂ ਦਾ ਨਿਸ਼ਕਰਸ਼ ਹੈ। ਇਹ ਸਾਰੇ ਨਿਬੰਧ ਹੁਣ ਤਕ ਐਜ਼ਰਾਪਾ-ਉਂਡ ਦੇ ਅਤਿ-ਉੱਤਮ ਲੇਖ ਸਮਝੇ ਜਾਂਦੇ ਹਨ।

ਕਵਿਤਾ ਦੀ ਸਮਾਲੋਚਨਾ ਦਾ ਉਹ ਪ੍ਰਕਾਰ-ਭੇਦ ਜਿਸ ਦਾ ਅੰਕਨ ਸ੍ਰਜਮ ਕਵੀ ਦ੍ਵਾਰਾ ਹੋਇਆ ਹੋਵੇ ਜਾਂ ਜਿਸ ਨੂੰ ਮੈਂ ਕਾਵਿਆਤਮਕ ਕਾਰਖਾਨੇ ਦੀ ਸਮਾਲੋਚਨਾ ਦਾ ਨਾਮ ਦਿੱਤਾ ਹੈ ਇਕ ਜ਼ਾਹਿਰਾ ਕਮਜ਼ੋਰੀ ਨਾਲ ਦੂਸ਼ਿਤ ਹੈ। ਉਹ ਚੀਜ਼ ਜੋ ਸ੍ਰਜਮ ਕਵੀ ਦੀ ਰਚਨਾ ਨਾਲ ਸੰਬੰਧ ਨਹੀਂ ਰਖਦੀ ਜਾਂ ਜਿਸ ਨਾਲ ਉਸ ਦੀ ਸ੍ਵਭਾਵਗਤ ਆਸ ਕ੍ਤੀ ਨਹੀਂ ਹੈ ਉਸਦੀ ਯੋਗਤਾ ਤੋਂ ਬਾਹਰ ਹੋ ਜਾਂਦੀ ਹੈ। ਕਾਵਿਆਤਮਕ ਕਾਰਖਾਨੇ ਦੀ ਸਮਾਲੋਚਨਾ ਦੀ ਦੂਸਰੀ ਖਰਾਬੀ ਇਹ ਹੈ ਕਿ ਐਸੀ ਅਵਸਥਾ ਵਿੱਚ ਹੋ ਸਕਦਾ ਹੈ ਕਿ ਆਪਣੀ ਕਲਾ ਤੋਂ ਛੁਟੇ ਸਮਾਲੋਚਕ ਦਾ ਫੈਸਲਾ

ਸਾਰਹੀਨ ਹੋ ਜਾਵੇ । ਕਵੀਆਂ ਬਾਰੇ ਮੇਰੀ ਆਪਣੀ ਰਾਇ ਸਾਰੀ ਉਮਰ ਵਿੱਚ ਤਕਰੀਬਨ ਇਕਸਾਰ ਰਹੀ ਹੈ । ਇਹੀ ਨਹੀਂ ਸਗੋਂ ਬਹੁਤ ਸਾਰੇ ਜੀਵਿਤ ਕਵੀਆਂ ਬਾਰੇ ਭੀ ਮੇਰੀ ਰਾਇ ਵਿਸ਼ੇਸ਼ ਕਰ ਇੱਕੋ ਤਰ੍ਹਾਂ ਦੀ ਰਹੀ ਹੈ । ਸਮਾਲੋਚਨਾ ਬਾਰੇ ਵਿਚਾਰ ਕਰਦੇ ਹੋਏ ਇਹ ਗੱਲ ਨਹੀਂ ਕਿ ਜੋ ਕੁਝ ਮੇਰੇ ਮਸਤਿਸ਼ਕ ਵਿੱਚ ਹੈ ਬਸ ਉਹੀ ਕਵਿਤਾ ਦੀ ਸਮਾਲੋਚਨਾ ਹੈ । ਕਵਿਤਾ ਵਾਸਤਵ ਵਿੱਚ ਇਕ ਐਸੀ ਚੀਜ਼ ਹੈ ਜੋ ਅਕਸਰ ਅਤੀਤ-ਕਾਲੀਨ ਸਮਾਲੋਚਕਾਂ ਦੇ ਮਸਤਿਸ਼ਕ ਵਿੱਚ ਰਹੀ ਹੈ, ਜਿਨਾਂ ਨੇ ਸਾਹਿੱਤ ਦੇ ਸਾਧਾਰਣੀਕਰਣ ਦਾ ਯਤਨ ਕੀਤਾ ਹੈ । ਗੱਦ ਦੀ ਸਮਾਲੋਚਨਾ ਅਪੇਕ੍ਸ਼ਾਕ੍ਰਿਤ ਸਾਂਪ੍ਰਤਿਕ ਸੰਸਥਾ ਹੈ ਅਤੇ ਮੇਰੇ ਵਿੱਚ ਇਹ ਯੋਗਤਾ ਨਹੀਂ ਕਿ ਮੈਂ ਇਸ ਬਾਰੇ ਵਿਚਾਰ ਪ੍ਰਗਟ ਕਰਾਂ । ਮੇਰਾ ਆਪਣਾ ਵਿਚਾਰ ਤਾਂ ਇਹ ਹੈ ਕਿ ਗੱਦ ਲਈ ਕਵਿਤਾ ਨਾਲੋਂ ਵੱਖਰੇ ਮਾਪ-ਦੰਡਾ ਦੀ ਲੋੜ ਪੈਂਦੀ ਹੈ । ਇਹ ਵਿਸ਼ਯ ਕਿਸੇ ਸਮਾਲੋਚਨਾ ਦੇ ਆਲੋਚਕ ਲਈ — ਜੋ ਨਾ ਕਵੀ ਹੋਵੇ ਅਤੇ ਨਾ ਉਪਨਿਆਸਕਾਰ-ਮਨੋਰਮ ਮਸਲਾ ਬਣ ਸਕਦਾ ਹੈ ਕਿ ਉਹ ਉਨ੍ਹਾਂ ਤਰੀਕਿਆਂ ਦੇ ਫਰਕ ਬਾਰੇ ਵਿਚਾਰ ਕਰੇ ਜਿਨ੍ਹਾਂ ਨਾਲ ਕਿਸੇ ਸਮਾਲੋਚਕ ਨੂੰ ਸਾਹਿੱਤ ਦੇ ਨਾਨਾਵਿਧ ਸ਼ੈਲੀ-ਪ੍ਰਕਾਰ ਸਮਝਣ ਲਈ ਵਾਹ ਪੈਂਦਾ ਹੈ; ਅਤੇ ਉਸ ਉਪਕਰਣ-ਸਾਮਗ੍ਰੀ ਉਪਰ ਭੀ ਵਿਚਾਰ ਕਰੇ ਜਿਸ ਦੀ ਇਸ ਸਿਲਸਿਲੇ ਵਿੱਚ ਜ਼ਰੂਰਤ ਪੈਂਦੀ ਹੈ । ਪਰ ਜਿਥੋਂ ਤਕ ਕਵਿਤਾ ਦੀ ਸਮਾਲੋਚਨਾ ਦਾ ਸੰਬੰਧ ਹੈ ਉਹ ਇਕ ਐਸੀ ਸਰਲ ਚੀਜ਼ ਹੈ ਜਿਸ ਨੂੰ ਉਸ ਵਕਤ ਭੀ ਮਸਤਿਸ਼ਕ ਵਿੱਚ ਰਖਿਆ ਜਾ ਸਕਦਾ ਹੈ ਜਦ ਭਾਵੇਂ ਸਮਾਲੋਚਨਾ ਬਾਰੇ ਹੀ ਚਰਚਾ ਕਿਉਂ ਨਾ ਕੀਤੀ ਜਾ ਰਹੀ ਹੋਵੇ । ਇਸ ਦਾ ਕਾਰਣ ਇਹ ਹੈ ਕਿ ਇਸ ਦੀਆਂ ਜ਼ਾਹਿਰਾ ਰੂਪਾਤਮਕ ਵਿਸ਼ੇਸ਼ਤਾਵਾਂ ਵਿੱਚ ਇਹ ਤੱਤ੍ਵ ਮੌਜੂਦ ਹੈ ਕਿ ਉਨ੍ਹਾਂ ਦਾ ਤੁਰੰਤ ਸਾਧਾਰਣੀਕਰਣ ਕੀਤਾ ਜਾ ਸਕਦਾ ਹੈ । ਸੰਭਵ ਹੈ ਕਿ ਕਵਿਤਾ ਵਿੱਚ ਜ਼ਾਹਿਰਾ ਤੌਰ ਤੇ ਇਹ ਇਹਸਾਸ ਪੈਦਾ ਹੋ ਜਾਵੇ ਕਿ ਇਸ ਵਿੱਚ ਅਭਿਵਿਅੰਜਨਾ-ਸ਼ੈਲੀ ਹੀ ਸਭ ਕੁਛ ਹੈ । ਪਰ ਇਹ ਭ੍ਰਾਂਤੀ ਕਿ ਅਸੀਂ ਕਵਿਤਾ ਵਿੱਚ ਨਿਤਾਂਤ ਸੌਂਦਰਯਾਤਮਕ ਅਨੁਭਵ ਦੇ ਨਿਕਟਤਰ ਹੋ ਜਾਂਦੇ ਹਾਂ ਕਵਿਤਾ ਨੂੰ ਸਾਹਿੱਤ ਦਾ ਇਕ ਸਰਲ ਰੀਤੀ-ਪ੍ਰਕਾਰ ਬਣਾ ਦੇਂਦਾ ਹੈ । ਇਸ ਲਈ ਅਸੀਂ ਉਸ ਵੇਲੇ ਭੀ ਇਸ ਨੂੰ ਮਸਤਿਸ਼ਕ ਵਿੱਚ ਰਖ ਸਕਦੇ ਹਾਂ ਜਦ ਅਸੀਂ ਸਾਹਿੱਤਕ ਸਮਾਲੋਚਨਾ ਬਾਰੇ ਹੀ ਵਿਚਾਰ-ਚਰਚਾ ਕਿਉਂ ਨਾ ਕਰ ਰਹੇ ਹੋਈਏ ।

ਸਮਕਾਲੀਨ ਸਮਾਲੋਚਨਾ ਦਾ ਕਾਫੀ ਜ਼ਿਆਦਾ ਹਿੱਸਾ ਜਿਸਦਾ ਅਰੰਭ ਇਸ ਬਿੰਦੂ ਤੋਂ ਹੁੰਦਾ ਹੈ ਜਿਥੇ ਸਮਾਲੋਚਨਾ ਵਿਦਵੱਤਾ ਵਿੱਚ ਅਤੇ ਵਿਦਵੱਤਾ ਸਮਾਲੋਚਨਾ ਵਿੱਚ ਵਿਲੀਨ ਹੋ ਜਾਂਦੀ ਹੈ, ਉਦਗਮ-ਮੂਲ ਦੇ ਲਿਹਾਜ਼ ਨਾਲ ਭਾਸ਼ਜ-ਵਿਆਖਿਆ ਦੀ ਸਮਾਲੋਚਨਾ ਦੇ ਅੰਤਰਗਤ ਰਖਿਆ ਜਾ ਸਕਦਾ ਹੈ । ਇਸ ਗੱਲ ਨੂੰ ਸਪਸ਼ਟ ਕਰਨ ਵਾਸਤੇ ਮੈਂ ਇਥੇ ਉਨ੍ਹਾਂ ਦੋ ਪੁਸਤਕਾਂ ਦੇ ਉੱਲੇਖ ਕਰਾਂਗਾ ਜਿਨ੍ਹਾਂ ਨੇ ਇਸ

ਸਿਲਸਿਲੇ ਵਿੱਚ ਦੁਸ਼-ਪ੍ਰਭਾਵ ਪਾਇਆ ਹੈ । ਮੇਰਾ ਅਭਿਪ੍ਰਾਇ ਇਹ ਨਹੀਂ ਕਿ ਉਹ ਪੁਸਤਕਾਂ ਆਪਣੇ ਆਪ ਵਿੱਚ ਖਰਾਬ ਹਨ । ਇਸ ਦੇ ਵਿਪਰੀਤ ਇਹ ਦੋਨੋਂ ਪੁਸਤਕਾਂ ਐਸੀਆਂ ਹਨ ਜਿਨ੍ਹਾਂ ਬਾਰੇ ਹਰ ਵਿਅਕਤੀ ਨੂੰ ਵਾਕ੍ਫ਼ੀਅਤ ਹੋਣੀ ਚਾਹੀਦੀ ਹੈ । ਪਹਲੀ ਹੈ The Road to Xanadu ਜਿਸ ਦੇ ਲੇਖਕ ਦਾ ਨਾਮ ਹੈ John Livingston Lowes. ਇਸ ਬਾਰੇ ਮੇਰੀ ਰਾਇ ਇਹ ਹੈ ਕਿ ਕਵਿਤਾ ਦੇ ਹਰ ਉਸ ਵਿਦਿਆਰਥੀ ਲਈ ਇਸ ਪੁਸਤਕ ਦਾ ਅਧਿਐਨ ਆਵੱਸ਼ਕ ਹੈ ਜਿਸ ਨੇ ਹੁਣ ਤਕ ਇਸ ਨੂੰ ਨਹੀਂ ਪੜ੍ਹਿਆ ਹੈ । ਦੂਸਰੀ ਕਿਤਾਬ James Joyce ਦੁਆਰਾ ਰਚਿਤ Finnegans Wake ਹੈ । ਇਹ ਇਕ ਐਸੀ ਕਿਤਾਬ ਹੈ ਜਿਸ ਨੂੰ ਕਵਿਤਾ ਦੇ ਹਰ ਵਿਦਿਆਰਥੀ ਨੂੰ ਪੂਰੀ ਨਹੀਂ ਤਾਂ ਕੁਛ ਪੰਨੇ ਜ਼ਰੂਰ ਪੜ੍ਹਨੇ ਚਾਹੀਦੇ ਹਨ Livingston Lowes. ਇਕ ਉੱਚ ਕੋਟੀ ਦਾ ਵਿਦਵਾਨ ਸੀ -- ਇਕ ਚੰਗਾ ਅਧਿਆਪਕ, ਇਕ ਪਿਆਰਾ ਆਦਮੀ, ਜਿਸ ਦਾ ਮੈਂ ਨਿਜੀ ਕਾਰਣਾਂ ਕਰਕੇ ਰਿਣੀ ਭੀ ਹਾਂ । James Joyce ਉੱਤਮ ਪ੍ਰਤਿਭਾ-ਸੰਪੰਨ ਆਦਮੀ ਅਤੇ ਮੇਰਾ ਇਕ ਚੰਗਾ ਦੋਸਤ ਸੀ । ਇਥੇ ਮੈਂ Finnegans wake ਦਾ ਹਵਾਲਾ ਨਾ ਤਾਂ ਪ੍ਰਸ਼ੰਸਾ ਵਜੋਂ ਦਿੱਤਾ ਹੈ ਅਤੇ ਨਾ ਕਿਸੇ ਅਪ੍ਰਸ਼ੰਸਾ ਕਾਰਣ । ਇਹ ਰਚਨਾ ਉਨ੍ਹਾਂ ਪੁਸਤਕਾਂ ਦੇ ਸ਼੍ਰੇਣੀ-ਪ੍ਰਵਰਗ ਵਿੱਚ ਆਉਂਦੀ ਹੈ ਜਿਨ੍ਹਾਂ ਨੂੰ ਸ਼ਾਨਦਾਰ ਅਤੇ ਯਾਦਗਾਰੀ ਦੇ ਵਿਸ਼ੇਸ਼ਣ ਨਾਲ ਅਭਿਹਿਤ ਕੀਤਾ ਜਾਂਦਾ ਹੈ ।

ਉਨ੍ਹਾਂ ਲੋਕਾਂ ਲਈ ਜਿਨ੍ਹਾਂ ਨੇ The Road to Xanadu ਨਹੀਂ ਪੜ੍ਹੀ ਹੈ ਮੈਂ ਇਹੀ ਕਹਾਂਗਾ ਕਿ ਇਹ ਗੁਪਤਚਰਤ੍ਵ ਦੀ ਇਕ ਮਨੋਹਰ ਵਾਰਤਾ ਹੈ । Lowes ਨੇ ਉਨ੍ਹਾਂ ਸਾਰੀਆਂ ਪੁਸਤਕਾਂ ਦਾ ਪਤਾ ਲਭ ਲੀਤਾ ਸੀ ਜਿਨ੍ਹਾਂ ਨੂੰ ਕਾਲਰਿਜ ਨੇ ਪੜ੍ਹਿਆ ਸੀ (ਅਧਿਐਨ ਵਜੋਂ ਕਾਲਰਿਜ ਸਰਵਭੋਜੀ ਅਤੇ ਅਤੋਸ਼ਣੀਯ ਸੀ) ਅਤੇ ਜਿਨ੍ਹਾਂ ਵਿਚੋਂ ਉਸਨੇ ਉਹ ਬਿੰਬਾਵਲੀ, ਸੰਕੇਤਾਵਲੀ ਅਤੇ ਚਿਤ੍ਰਾਵਲੀ ਪ੍ਰਾਪਤ ਕੀਤੀ ਸੀ ਜੋ ਕੁਬਲਾ ਖਾਂ ਅਤੇ Ancient Mariner ਵਿੱਚ ਦ੍ਰਿਸ਼ਟਿਗੋਚਰ ਹੁੰਦੀ ਹੈ । ਉਹ ਪੁਸਤਕਾਂ ਜੋ ਕਾਲਰਿਜ ਨੇ ਪੜ੍ਹੀਆਂ ਸਨ, ਉਨ੍ਹਾਂ ਵਿਚੋਂ ਬਹੁਤ ਸਾਰੀਆਂ ਹੁਣ ਉਪੇਕ੍ਸ਼ਾ-ਗ੍ਰਸਤ ਅਤੇ ਅਗਿਆਤ ਹਨ । ਉਦਾਹਰਣ ਵਜੋਂ ਉਸਨੇ ਸਾਰੇ ਸਫਰਨਾਮੇ ਪੜ੍ਹ ਛੱਡੇ ਸਨ ਜੋ ਉਸ ਵਕਤ ਉਸਨੂੰ ਪ੍ਰਾਪਤ ਹੋ ਸਕੇ । ਇਨ੍ਹਾਂ ਸਾਰੀਆਂ ਪੁਸਤਕਾਂ ਦੇ ਆਧਾਰ ਤੇ Lowes ਨੇ ਸਦਾ-ਸਰਵਦਾ ਲਈ ਇਹ ਗੱਲ ਸਪਸ਼ਟ ਕਰ ਦਿੱਤੀ ਹੈ ਕਿ ਕਾਵਿਆਤਮਕ ਮੌਲਿਕਤਾ ਵਾਸਤਵ ਵਿੱਚ ਹੱਦ ਦਰਜੇ ਦੀ ਅਸੰਗਤ ਅਤੇ ਨਾਨਾਵਿਧ ਸਾਮਗ੍ਰੀ ਨੂੰ ਇਸ ਤਰ੍ਹਾਂ ਮੌਲਿਕ ਰੀਤੀ-ਵਿਧੀ ਅਨੁਸਾਰ ਇਕੱਤਰ ਕਰਨ ਦਾ ਨਾਮ ਹੈ ਜਿਸ ਨਾਲ ਇਕ "ਨਵੀਨ ਕੁੱਲ" ਅਸਤਿਤ੍ਵ ਵਿੱਚ ਆ ਜਾਂਦਾ ਹੈ । ਇਸ ਪੁਸਤਕ ਵਿੱਚ ਇਸ ਗੱਲ ਦੀ ਅਭਿਵਿਅਕਤੀ ਪ੍ਰਮਾਣ-ਸਿੱਧ ਅਤੇ ਵਿਸ਼ਵਸਤ ਰੂਪ ਵਿੱਚ ਕੀਤੀ ਗਈ ਹੈ ਕਿ ਕਵੀ ਕਿਸ ਤਰ੍ਹਾਂ

ਸਾਮਗ੍ਰੀ-ਪਦਾਰਥ ਨੂੰ ਆਤਮਸਾਤ ਕਰਦਾ ਹੈ ਅਤੇ ਫਿਰ ਆਪਣੀ ਪ੍ਰਤਿਭਾ-ਵਿਸ਼ਿਸ਼ਟਤਾ ਨਾਲ ਕਿਵੇਂ ਉਸ ਪਦਾਰਥ-ਸਾਮਗ੍ਰੀ ਨੂੰ ਰੂਪਾਂਤਰਿਤ ਕਰ ਦੇਂਦਾ ਹੈ। ਪਰ ਇਸ ਪੁਸਤਕ ਨੂੰ ਪੜ੍ਹਨ ਤੋਂ ਉਪਰਾਂਤ ਕੋਈ ਵਿਅਕਤੀ ਇਹ ਨਹੀਂ ਕਹ ਸਕਦਾ ਕਿ ਉਹ ਹੁਣ Ancient Mariner ਨੂੰ ਪਹਲਾਂ ਨਾਲੋਂ ਚੰਗੇਰੇ ਤੌਰ ਤੇ ਸਮਝਦਾ ਹੈ ਅਤੇ ਨਾ ਹੀ ਵਾਸਤਵ ਵਿਚ Dr. Lowes ਦਾ ਇਹ ਉੱਦੇਸ਼-ਅਭਿਪ੍ਰਾਯ ਸੀ ਕਿ ਉਹ ਇਸ ਨਜ਼ਮ ਦੇ ਚਿਨ੍ਹ-ਚੱਕਰ ਆਦਿ ਨੂੰ ਕਵਿਤਾ ਦੀ ਹੈਸੀਅਤ ਵਜੋਂ ਅਧਿਕ ਉਜਾਗਰ ਅਤੇ ਸਪਸ਼ਟ ਕਰੇ। ਉਸ ਦਾ ਸਾਰਾ ਧਿਆਨ ਮਾਨਸਿਕ ਪ੍ਰਕ੍ਰਿਯਾ ਵੱਲ ਸੀ : ਇਹ ਇਕ ਐਸਾ ਅਨੁਸੰਧਾਨ ਹੈ ਜਿਸ ਦਾ ਸਾਹਿੱਤਕ ਸਮਾਲੋਚਨਾ ਨਾਲ ਦੂਰ ਦਾ ਭੀ ਸੰਬੰਧ ਨਹੀਂ ਹੈ। ਕਾਲਰਿਜ ਦੇ ਆਪਣੇ ਨਿਜੀ ਅਧਿਐਨ ਦ੍ਵਾਰਾ ਉਪਲਬਧ ਸਾਮਗ੍ਰੀ-ਪਦਾਰਥ ਕਿਸ ਤਰ੍ਹਾਂ ਮਹਾਨ ਕਾਵਿ-ਕਲਾ ਵਿੱਚ ਪਰਿਣਤ ਹੋ ਗਇਆ ਇਹ ਹਮੇਸ਼ਾ ਵਾਂਗ ਹੁਣ ਭੀ ਵੈਸਾ ਹੀ ਰਹਸਜ ਹੈ। ਪਰ ਇਸ ਦੇ ਬਾਵਜੂਦ ਬਹੁਤ ਸਾਰੇ ਆਸ਼ਾਵਾਦੀ ਵਿਦਵਾਨਾਂ ਨੇ Lowes ਦੀ ਕਾਰਜ-ਸ਼ੈਲੀ ਨੂੰ ਅਪਨਾ ਕੇ ਜਿਸ ਗੱਲ ਦਾ ਯਤਨ ਕੀਤਾ ਹੈ ਕਿ ਇਸ ਤਰੀਕੇ ਨਾਲ ਉਸ ਕਵੀ ਦੀ ਕਵਿਤਾ ਸਮਝਣ ਵਿੱਚ ਮਦਦ ਮਿਲ ਸਕਦੀ ਹੈ ਜਿਸ ਨੇ ਆਪਣੇ ਅਧਿਐਨ ਦਾ ਕਿਤੇ ਭੀ ਕੋਈ ਹਵਾਲਾ ਦਿੱਤਾ ਹੈ।

ਹੁਣ ਜਦ ਕਿ Dr. Lowes ਨੇ ਇਸ ਪ੍ਰਕਾਰ ਦੇ ਵਿਆਖਿਆਵਾਦੀ ਵਿਦਵਾਨਾਂ ਨੂੰ ਰਸਤਾ ਦਿਖਾ ਦਿੱਤਾ ਹੈ ਅਤੇ Finnegans Wake ਉਨ੍ਹਾਂ ਦੇ ਲਈ ਇੱਕ ਨਮੂਨੇ ਦੀ ਹੈਸੀਅਤ ਗ੍ਰਹਣ ਕਰ ਗਈ ਹੈ, ਉਹ ਚਾਹੁੰਦੇ ਹਨ ਕਿ ਸਮਸਤ ਸਾਹਿੱਤਕ ਰਚਨਾਵਾ ਨੂੰ ਐਸਾ ਹੀ ਹੋਣਾ ਚਾਹੀਦਾ ਹੈ, ਜੈਸੀ Finnegans Wake ਹੈ। ਮੈਂ ਇੱਥੇ ਇਹ ਗੱਲ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਉਨ੍ਹਾਂ ਵਿਆਖਿਆਕਾਰਾਂ ਦੇ ਪਰਿਸ਼੍ਰਮ ਦਾ ਨਾ ਤਾਂ ਮੈਂ ਮਜ਼ਾਕ ਉਡਾਉਣਾ ਚਾਹੁੰਦਾ ਹਾਂ, ਅਤੇ ਨਾ ਹੀ ਮੈਂ ਉਨ੍ਹਾਂ ਨੂੰ ਬਦਨਾਮ ਕਰਨ ਦਾ ਇਰਾਦਾ ਰਖਦਾ ਹਾਂ, ਜਿਨ੍ਹਾਂ ਉਸ ਪੁਸਤਕ ਦਿਆਂ ਸਾਰਿਆਂ ਤੰਦਾਂ ਨੂੰ ਸੁਲਝਾਉਣ ਅਤੇ ਸਮਸਤ ਰਹਸਜ-ਮਈ ਗੁਥੀਆਂ ਨੂੰ ਖੋਲ੍ਹਣ ਦੀ ਅਥਕ ਕੋਸ਼ਿਸ਼ ਕੀਤੀ ਹੈ। ਜੇ Finnegans Wake ਨੂੰ ਵਾਕਈ ਸਮਝਣਾ ਹੈ ਅਤੇ ਅਸੀਂ ਇਸ ਪ੍ਰਕਾਰ ਦੇ ਅਭਿਆਸ-ਪਰਿਸ਼੍ਰਮ ਦੇ ਬਿਨਾਂ ਕੋਈ ਰਾਇ ਕਾਇਮ ਨਹੀਂ ਕਰ ਸਕਦੇ—ਤਾਂ ਇਸ ਪ੍ਰਕਾਰ ਦੀ ਖੋਜ ਦਾ ਸਿਲਸਿਲਾ ਜਾਰੀ ਰਹਣਾ ਚਾਹੀਦਾ ਹੈ। ਜੇ ਵਿਚਾਰ ਕੀਤਾ ਜਾਵੇ ਤਾਂ ਇਸ ਪੱਖ ਤੋਂ Campbell ਅਤੇ Robinson ਨੇ ਸ਼ਲਾਘਾ-ਯੋਗ ਕੰਮ ਕੀਤਾ ਹੈ। ਮੈਨੂੰ ਜੇ ਕੋਈ ਸ਼ਿਕਾਇਤ ਹੈ ਤਾਂ ਸ੍ਵਯਮ James Joyce ਦੇ ਵਿਰੁਧ ਹੈ ਜੋ ਇਸ ਅਦਭੁਤ ਸ਼ਾਹਕਾਰ ਦਾ ਲੇਖਕ ਹੈ ਅਤੇ ਜਿਸ ਨੇ ਇਕ ਐਸੀ ਪੁਸਤਕ ਦੀ ਰਚਨਾ ਕੀਤੀ ਹੈ ਜਿਸ ਦੇ ਵਿਸਤ੍ਰਿਤ ਭਾਗ, ਬਿਨਾਂ ਸਵਿਸਤਾਰ ਵਿਆਖਿਆ ਦੇ, ਖ਼ੂਬਸੂਰਤ

ਲਗਵੀਅਤ ਪ੍ਰਤੀਤ ਹੁੰਦੇ ਹਨ (ਵਾਸਤਵ ਵਿੱਚ ਉਸ ਵਕਤ ਤਾਂ ਬਹੁਤ ਪਾ ਖ਼ੂਬਸੂਰਤ ਪ੍ਰਤੀਤ ਹੁੰਦੇ ਹਨ, ਜਦ ਕੋਈ ਆਇਰਸ਼ ਉਸ ਨੂੰ ਆਪਣੇ ਵਿਸ਼ੇਸ਼ ਲਹਜੇ ਅਤੇ ਆਵਾਜ਼ ਵਿੱਚ ਉਤਨੀ ਹੀ ਖ਼ੂਬਸੂਰਤੀ ਨਾਲ ਪੜ੍ਹਦਾ ਹੈ ਜਿਵੇਂ ਸੂਯਮ ਲੇਖਕ ਪੜ੍ਹਦਾ ਸੀ) ਸ਼ਾਇਦ James Joyce ਨੂੰ ਇਸ ਗੱਲ ਦਾ ਅਨੁਮਾਨ ਨਹੀਂ ਸੀ ਕਿ ਉਸ ਦੀ ਪੁਸਤਕ ਕਿਸ ਹੱਦ ਤਕ ਅਸਪਸ਼ਟ ਹੈ। Finnegans Wake ਦੇ ਸਾਹਿੱਤਕ ਮਹਤ੍ਵ ਬਾਰੇ ਅੰਤਿਮ ਨਿਰਣਯ ਕੁਛ ਭੀ ਹੋਵੇ (ਅਤੇ ਮੈਂ ਇਸ ਪ੍ਰਕਾਰ ਦਾ ਕੋਈ ਨਿਰਣਯ ਪ੍ਰਗਟ ਨਹੀਂ ਕਰਨਾ ਚਾਹੁੰਦਾ) ਪਰ ਮੈਂ ਇਹ ਨਹੀਂ ਸਮਝਦਾ ਕਿ ਅਧਿਕਤਰ ਕਵਿਤਾ—ਕਿਉਂਕਿ ਉਹ ਭੀ ਇਕ ਪ੍ਰਕਾਰ ਦੀ ਗੱਦ-ਕਵਿਤਾ ਹੈ– ਇਸ ਤਰੀਕ੍ਹੇ ਨਾਲ ਲਿਖੀ ਜਾਂਦੀ ਹੈ ਜਾਂ ਇਸ ਰਸਾਸ੍ਵਾਦਨ ਲਈ ਇਸ ਕਿਸਮ ਦੀ ਚੀਰ-ਫਾੜ ਵਿਆਖਿਆ ਅਤੇ ਭਾਸ਼ਜ-ਟਿੱਪਣੀ ਦੀ ਲੋੜ ਪੈਂਦੀ ਹੈ। ਮੈਨੂੰ ਇਸ ਤੇ ਸੰਦੇਹ ਹੈ ਕਿ Finnegans Wake ਵਿੱਚ ਜੋ ਮੁਅੰਮੇ ਪੇਸ਼ ਕੀਤੇ ਗਏ ਹਨ, ਉਸ ਨਾਲ ਉਸ ਗ਼ਲਤੀ ਦੀ ਪੁਸ਼ਟੀ ਹੁੰਦੀ ਹੈ ਜੋ ਅਜ ਕਲ ਪ੍ਰਚਲਿਤ ਹੈ; ਅਏ ਜਿਸ ਵਿੱਚ ਵਿਆਖਿਆ ਨੂੰ ਅਵਬੋਧਨ ਦੇ ਗ਼ਲਤ ਨਾਮ ਨਾਲ ਤਾਬੀਰ ਕੀਤਾ ਜਾਂਦਾ ਹੈ। ਮੇਰਾ ਨਾਟਕ The Cocktail Party ਜਦ ਪਹਲਾਂ-ਪਹਲ ਖੇਡਿਆ ਗਇਆ ਤਾਂ ਉਸ ਦੇ ਤੁਰਤ ਪਸ਼ਚਾਤ ਮਹੀਨਿਆਂ ਬੱਧੀ ਅਨੇਕ ਪੱਤ੍ਰ ਪ੍ਰਾਪਤ ਹੁੰਦੇ ਰਹੇ, ਜਿਨ੍ਹਾਂ ਵਿੱਚ ਇਸ ਨਾਟਕ ਦੇ ਅਰਥ-ਅਭਿਪ੍ਰਾਯ ਦੀ ਸਪਸ਼ਟਤਾ ਲਈ ਨਵੇਂ ਨਵੇਂ ਹੱਲ ਅਤੇ ਨਵੀਆਂ ਨਵੀਆਂ ਵਿਆਖਿਆਵਾਂ ਪੇਸ਼ ਕੀਤੀਆਂ ਗਈਆਂ ਸਨ। ਇਨ੍ਹਾਂ ਪੱਤ੍ਰਾਂ ਤੋਂ ਇਹ ਗੱਲ ਸਾਫ਼ ਸਪਸ਼ਟ ਸੀ ਕਿ ਉਨ੍ਹਾ ਨੂੰ ਉਸ ਮੁਅੰਮੇ ਵੱਲੋਂ ਜੋ ਉਨ੍ਹਾਂ ਦੇ ਵਿਚਾਰ-ਅਨੁਸਾਰ ਨਾਟਕ ਵਿੱਚ ਮੌਜੂਦ ਸੀ, ਕੋਈ ਸ਼ਿਕਾਇਤ ਨਹੀਂ ਹੈ, ਪਰ ਉਹ ਆਪ ਇਸ ਗੱਲੋਂ ਬੇਖ਼ਬਰ ਸਨ ਕਿ ਇਹ ਮੁਅੰਮਾ, ਕੇਵਲ ਹੱਲ ਤਲਾਸ਼ ਕਰਨ ਲਈ ਉਨ੍ਹਾਂ ਆਪ ਹੀ ਈਜਾਦ ਕਰ ਲੀਤਾ ਸੀ।

ਇਥੇ ਮੈਂ ਆਪਣੇ ਦੋਸ਼ ਨੂੰ ਭੀ ਸ੍ਵੀਕਾਰ ਕਰਨਾ ਚਾਹੁੰਦਾ ਹਾਂ ਕਿ ਇਕ ਗੰਭੀਰ ਅਵਸਰ ਉਪਰ ਮੈਂ ਆਪ ਹੀ ਸਮਾਲੋਚਕਾਂ ਨੂੰ ਇਸ ਜਾਲ ਵਿੱਚ ਫਸਾਕੇ ਫ਼ਰੇਬ ਦਿੱਤਾ ਹੈ। ਮੇਰਾ ਮਤਲਬ The Waste Land ਦੇ ਉਨ੍ਹਾਂ ਹਾਸ਼ੀਆਂ ਤੋਂ ਹੈ ਜੋ ਮੈਂ ਉਸ ਨਜ਼ਮ ਦੇ ਨਾਲ ਲਿਖੇ ਸਨ। ਸ਼ੁਰੂ ਵਿੱਚ ਮੈਂ ਸਿਰਫ਼ ਇਹੀ ਇਰਾਦਾ ਕੀਤਾ ਸੀ ਕਿ ਮੈਂ ਆਪਣੇ ਉਨ੍ਹਾਂ ਉੱਧਰਣਾਂ ਦੇ ਹਵਾਲੇ ਨਕ਼ਲ ਕਰ ਦਿਆਂ ਤਾਕਿ ਮੈਂ ਉਨ੍ਹਾਂ ਸਮਾਲੋਚਕਾਂ ਦਿਆਂ ਇਤਰਾਜ਼ਾਂ ਦਾ ਉੱਤਰ ਦੇ ਸਕਾਂ ਜਿਨ੍ਹਾਂ ਨੇ ਮੇਰੀਆਂ ਪ੍ਰਾਰੰਭਿਕ ਕਵਿਤਾਵਾਂ ਉਪਰ ਵਾਗਪ੍ਰਹਾਰ ਦਾ ਦੋਸ਼ ਲਗਾਇਆ ਸੀ। ਪਰ ਕੁਛ ਚਿਰ ਪਸ਼ਚਾਤ ਜਦ ਪੁਸਤਾਕਾਰ ਵਿੱਚ ਇਸ ਨਜ਼ਮ ਦੇ ਪ੍ਰਕਾਸ਼ਿਤ ਹੋਣ ਦੀ ਵਾਰੀ ਆਈ ਤਾਂ ਮੈਨੂੰ ਇਸ ਗੱਲ ਦਾ ਇਹਸਾਸ ਹੋਇਆ ਕਿ ਇਹ ਨਜ਼ਮ ਬੜੀ ਸੰਖਿਪ੍ਤ ਹੈ। ਇਹ ਦੇਖਕੇ

ਮੈਂ ਹਾਸ਼ੀਆਂ ਵਿੱਚ ਟਿੱਪਣੀਆਂ ਲਿਖਕੇ ਵਾਧਾ ਕਰਨ ਦਾ ਇਰਾਦਾ ਕੀਤਾ ਤਾਕਿ ਇਸ ਤਰ੍ਹਾਂ ਕੁਛ ਪੰਨੇ ਹੋਰ ਵੱਧ ਜਾਣ। ਇਸ ਦਾ ਨਤੀਜਾ ਇਹ ਹੋਇਆ ਕਿ ਇਹ ਟਿੱਪਣੀਆਂ ਮੁਹਮਲ ਵਿਦਵੱਤਾ ਦਾ ਅਸਾਧਾਰਣ ਪ੍ਰਦਰਸ਼ਨ-ਮਾਤ੍ਰ ਬਣ ਗਈਆਂ, ਅਤੇ ਇਹ ਹੁਣ ਤਕ ਉਸ ਨਜ਼ਮ ਦੇ ਨਾਲ ਮੌਜੂਦ ਹਨ। ਕਈ ਵਾਰੀ ਮੈਨੂੰ ਇਹ ਖਿਆਲ ਜ਼ਰੂਰ ਆਇਆ ਹੈ ਕਿ ਉਨ੍ਹਾਂ ਟਿੱਪਣੀਆਂ ਨੂੰ ਪੁਸਤਕ ਵਿੱਚੋਂ ਕੱਢ ਦਿਆਂ। ਪਰ ਹੁਣ ਇਨ੍ਹਾਂ ਨੂੰ ਅਲਗ ਕਰਨਾ ਅਸੰਭਵ ਜੇਹਾ ਹੋ ਗਇਆ ਹੈ। ਇਨ੍ਹਾਂ ਟਿੱਪਣੀਆਂ ਦੀ ਕਦਰ ਨਜ਼ਮ ਤੋਂ ਕਿਤੇ ਵਧ ਹੋਈ ਹੈ। ਜੇ ਕੋਈ ਸ਼ਖਸ ਮੇਰਾ ਕਾਵਿ-ਸੰਗ੍ਰਹ ਖਰੀਦਣਾ ਚਾਹੇ ਅਤੇ ਇਹ ਦੇਖੇ ਕਿ ਇਸ ਵਿੱਚ ਟਿੱਪਣੀਆਂ ਨਹੀਂ ਹਨ ਤਾਂ ਉਹ ਕਿਤਾਬ ਖਰੀਦਣ ਦਾ ਇਰਾਦਾ ਹੀ ਤਿਆਗ ਦੇਂਦਾ ਹੈ। ਇਹੀ ਉਹ ਗ਼ਲਤੀ ਹੈ ਜਿਸ ਦਾ ਮੈਨੂੰ ਇਹਸਾਸ ਹੈ ਕਿ ਇਨ੍ਹਾਂ ਟਿੱਪਣੀਆਂ ਨੇ ਸਮਾਲੋਚਕਾਂ ਲਈ ਇਕ ਗ਼ਲਤ ਕਿਸਮ ਦੀ ਦਿਲਚਸਪੀ ਦਾ ਸਾਮਾਨ ਪੈਦਾ ਕਰ ਦਿੱਤਾ ਹੈ।

ਇਹ ਇਕ ਸਾਧਾਰਣ ਜੇਹੀ ਗੱਲ ਹੈ ਕਿ ਕੋਈ ਵਿਅਕਤੀ ਕਿਸੇ ਨਜ਼ਮ ਦੀ ਵਿਆਖਿਆ ਇਸ ਅਨਵੇਸ਼ਣ ਦੇ ਪ੍ਰਕਾਸ਼ ਵਿੱਚ ਕਰੇ ਕਿ ਉਸ ਕਵਿਤਾ ਦੇ ਉਪਾਦਾਨ-ਤੱਤ੍ਰ ਕੀ ਹਨ ਅਤੇ ਕਿਹੜੇ ਹੇਤੂ ਸਨ ਜੋ ਇਸ ਦੀ ਸ੍ਰਿਸ਼ਟੀ ਦੇ ਪ੍ਰੇਰਕ ਸਾਬਿਤ ਹੋਏ। ਇਸ ਤਰ੍ਹਾਂ ਵਿਆਖਿਆ, ਅਵਬੋਧਨ ਦੀ ਇਕ ਮਹਤਵ-ਪੂਰਣ ਤਿਆਰੀ ਦਾ ਰੂਪ ਧਾਰਣ ਕਰ ਸਕਦੀ ਹੈ। ਪਰ ਕਿਸੇ ਨਜ਼ਮ ਨੂੰ ਸਮਝਣ ਲਈ ਇਹ ਭੀ ਜ਼ਰੂਰੀ ਹੈ ਕਿ ਅਸੀਂ ਇਸ ਗੱਲ ਨੂੰ ਮਸਤਿਸ਼ਕ ਵਿੱਚ ਰਖੀਏ ਕਿ ਸੂਖਮ ਕਵਿਤਾ ਦੇ ਸਨਮੁਖ ਕੀ ਮੰਤਵ ਰਹਿਆ ਹੈ। ਇਸੇ ਇਕ ਗੱਲ ਨੂੰ ਧਿਆਨ ਵਿੱਚ ਰੱਖਣ ਦੀ ਅਤਿ ਅਧਿਕ ਆਵਸ਼ਕਤਾ ਹੈ।

ਸ਼ਾਇਦ ਸਮਾਲੋਚਨਾ ਦਾ ਉਹ ਸੂਰੂਪ-ਪ੍ਰਕਾਰ ਜਿਸ ਵਿੱਚ ਆਕਸਮਿਕ ਵਿਆਖਿਆ ਉਪਰ ਸਭ ਤੋਂ ਵੱਧ ਵਿਸ਼ਵਾਸ ਕੀਤਾ ਜਾਂਦਾ ਹੈ 'ਆਲੋਚਨਾਤਮਕ ਜੀਵਨੀ' ਹੈ, ਵਿਸ਼ੇਸ਼ਕਰ ਉਸ ਵੇਲੇ ਜਦ ਜੀਵਨੀ-ਕਾਰ ਬਾਹਰੀ ਪਰਿਸਥਿਤੀਆਂ ਸੰਬੰਧੀ ਜਾਣਕਾਰੀ ਨੂੰ ਆਂਤਰਿਕ ਅਨੁਭਵ ਦੀ ਮਨੋਵਿਗਿਆਨਕ ਊਹਾਪੂਹ ਨਾਲੋਂ ਅੱਗੇ ਵਧਾਉਣ ਚਾਹੁੰਦਾ ਹੋਵੇ। ਮੇਰਾ ਅਭਿਪ੍ਰਾਯ ਇਸ ਤੋਂ ਇਹ ਨਹੀਂ ਹੈ ਕਿ ਦਿਵੰਗਤ ਕਵੀ ਦਾ ਵਿਅਕਤਿਤ੍ਵ ਅਤੇ ਉਸ ਦਾ ਨਿਜੀ ਜੀਵਨ ਕੋਈ ਪਵਿਤਰ ਤੀਰਥ-ਭੂਮੀ ਹੈ ਜਿਸ ਉਪਰ ਕਿਸੇ ਮਨੋਵਿਗਿਆਨ ਦੇ ਵਿਦਵਾਨ ਨੂੰ ਕਦਾਚਿਤ ਨਹੀਂ ਟੁਰਨਾ ਚਾਹੀਦਾ। ਵਿਗਿਆਨ ਦੇ ਪੰਡਿਤ ਨੂੰ ਇਸ ਦੀ ਆਗਿਆ ਹੋਣੀ ਚਾਹੀਦੀ ਹੈ ਕਿ ਉਹ ਉਸ ਪ੍ਰਕਾਰ ਦੇ ਸਾਮਗ੍ਰੀ-ਪਦਾਰਥ ਦਾ ਸੁਤੰਤ੍ਰਤਾ-ਪੂਰਵਕ ਅਧਿਐਨ-ਅਨੁਸੰਧਾਨ ਕਰ ਲਵੇ ਜਿਸ ਵੱਲ ਉਸਦਾ ਜਿਗਿਆਸਾ-ਵੇਗ ਉਸ ਨੂੰ ਲੈ ਜਾਂਦਾ ਹੈ। ਪਰ ਇਹ ਉਸੇ ਵਕਤ ਹੋ ਸਕਦਾ ਹੈ ਜਦ ਲੇਖਕ

ਦਿਵੰਗਤ ਹੋ ਚੁਕਾ ਹੋਵੇ ਅਤੇ ਮਾਨ-ਹਾਨੀ ਦੇ ਕਾਨੂੰਨ ਦੁਆਰਾ ਉਸਨੂੰ ਰੋਕਣ ਦੇ ਸਮਰਥ ਨ ਰਹ ਗਇਆ ਹੋਵੇ। ਇਸ ਦਾ ਕੋਈ ਕਾਰਣ ਨਹੀਂ ਕਿ ਕਵੀਆਂ ਦੀਆਂ ਜੀਵਨੀਆਂ ਨਾ ਲਿਖੀਆਂ ਜਾਣ। ਜੀਵਨੀਕਾਰ ਲਈ ਜ਼ਰੂਰੀ ਹੈ ਕਿ ਉਸ ਵਿੱਚ ਆਲੋਚਨਾਤਮਕ ਯੋਗਤਾ ਮੌਜੂਦ ਹੋਵੇ ਅਤੇ ਨਾਲੋ ਨਾਲ ਉਹ ਉਜੂੱਲ ਰਸਿਕਤਾ ਅਤੇ ਸੰਤੁਲਿਤ ਨਿਰਣਯ ਦੀ ਯੋਗਤਾ ਭੀ ਰਖਦਾ ਹੋਵੇ; ਅਤੇ ਉਸ ਆਦਮੀ ਨੂੰ ਪਸੰਦ ਭੀ ਕਰਦਾ ਹੋਵੇ ਜਿਸ ਦੀ ਜੀਵਨੀ ਲਿਖ ਰਹਿਆ ਹੈ! ਇਸ ਤੋਂ ਛੁਟ ਉਸ ਸਮਾਲੋਚਕ ਲਈ ਜੋ ਕਿਸੇ ਦੇ ਕਾਰਨਾਮਿਆਂ ਵਿੱਚ ਦਿਲਚਸਪੀ ਰਖਦਾ ਹੈ ਜ਼ਰੂਰੀ ਹੈ ਕਿ ਉਹ ਲੇਖਕ ਦੇ ਜੀਵਨ ਬਾਰੇ ਕੁਛ ਨਾ ਕੁਛ ਜਾਣਕਾਰੀ ਜ਼ਰੂਰ ਰਖਦਾ ਹੋਵੇ। ਪਰ ਜਿਥੋਂ ਤਕ ਕਿਸੇ ਲੇਖਕ ਦੀ ਆਲੋਚਨਾਤਮਕ ਜੀਵਨੀ ਦਾ ਸੰਬੰਧ ਹੈ ਇਹ ਕੰਮ ਆਪਣੇ ਆਪ ਵਿੱਚ ਬਹੁਤ ਨਾਜ਼ਕ ਹੈ, ਅਤੇ ਉਹ ਸਮਾਲੋਚਕ ਜਾਂ ਜੀਵਨੀ-ਕਾਰ ਜੋ ਸੂਖਮ ਪਾਰੰਗਤ ਅਤੇ ਪ੍ਰਵੀਣ ਮਨੋਵਿਗਿਆਨ-ਪਡਿਤ ਨਹੀਂ ਹੈ ਆਪਣੀ ਰਚਨਾ ਵਿੱਚ ਐਸੀ ਵਿਸ਼ਲੇਸ਼ਣਾਤਮਕ ਕਾਰੀਗਰੀ ਪੈਦਾ ਕਰ ਦੇਂਦਾ ਹੈ ਜਿਸ ਨੂੰ ਉਸ ਨੇ ਪ੍ਰਸਿਧ ਮਨੋਵਿਗਿਆਨ-ਸ਼ਾਸਤ੍ਰਕਾਰਾਂ ਦੀਆਂ ਰਚਨਾਵਾਂ ਵਿੱਚੋਂ ਗ੍ਰਹਣ ਕੀਤਾ ਹੁੰਦਾ ਹੈ। ਇਸ ਤਰ੍ਹਾਂ ਵਿਸ਼ਯ ਕੁਛ ਹੋਰ ਉਲਝ ਕੇ ਰਹ ਜਾਂਦਾ ਹੈ।

ਇਹ ਪ੍ਰਸ਼ਨ ਕਿ ਕਵੀ ਬਾਰੇ ਜਾਣਕਾਰੀ ਕਿਥੋਂ ਤਕ ਅਸਾਨੂੰ ਉਸ ਦੀ ਕਾਵਿ-ਰਚਨਾ ਨੂੰ ਸਮਝਣ ਵਿੱਚ ਸਹਾਇਤਾ ਦੇਂਦੀ ਹੈ ਇਤਨਾ ਸਰਲ ਨਹੀਂ ਹੈ ਜਿਤਨਾ ਅਸੀਂ ਸਮਝਦੇ ਹਾਂ। ਹਰ ਪਾਠਕ ਇਸ ਦਾ ਉੱਤਰ ਆਪਣੇ ਤੌਰ ਤੇ ਆਪ ਹੀ ਦੇ ਸਕਦਾ ਹੈ; ਅਤੇ ਇਸ ਦਾ ਉੱਤਰ ਉਸ ਨੂੰ ਸਾਮਾਨਯ ਰੀਤ ਵਿੱਚ ਨਹੀਂ ਸਗੋਂ ਖਾਸ ਮਿਸਾਲਾਂ ਨਾਲ ਦੇਣਾ ਚਾਹੀਦਾ ਹੈ ਕਿਉਂਕਿ ਸੰਭਵ ਹੈ ਕਿ ਇਕ ਗੱਲ ਕਿਸੇ ਕਵੀ ਬਾਰੇ ਮਹਤ੍ਵ-ਪੂਰਣ ਹੋਵੇ ਅਤੇ ਕਿਸੇ ਹੋਰ ਦੇ ਸੰਬੰਧ ਵਿੱਚ ਇਤਨੀ ਉਪਯੋਗੀ ਨਾ ਹੋਵੇ। ਕਵਿਤਾ ਦੇ ਰਸਾਸ੍ਵਾਦਨ ਦਾ ਜਿੱਥੋਂ ਤਕ ਸੰਬੰਧ ਹੈ ਉਹ ਇਕ ਐਸਾ ਵਿਲੱਖਣ ਅਨੁਭਵ ਹੈ ਜਿਸ ਵਿੱਚ ਤ੍ਰਿਪਤੀ ਦੇ ਕਈ ਪ੍ਰਕਾਰ-ਭੇਦ ਇਕ ਦੂਜੇ ਨਾਲ ਸੰਸ਼ਲਿਸ਼ਟ ਹੁੰਦੇ ਹਨ ਅਤੇ ਵਿਭਿੰਨ ਪਾਠਕਾਂ ਲਈ ਇਨ੍ਹਾਂ ਦਾ ਅਨੁਪਾਤ ਵਿਭਿੰਨ ਹੁੰਦਾ ਹੈ। ਮੈਂ ਇਥੇ ਉਦਾਹਰਣ ਦੁਆਰਾ ਆਪਣੀ ਗੱਲ ਨੂੰ ਸਪਸ਼ਟ ਕਰਾਂਗਾ। ਇਸ ਗੱਲ ਉਪਰ ਆਮ ਤੌਰ ਤੇ ਸਾਰੇ ਸਹਮਤ ਹਨ ਕਿ ਵਰਡਜ਼ਵਰਥ ਦੀ ਸਰਬ-ਉੱਤਮ ਕਵਿਤਾ ਦਾ ਜ਼ਿਆਦਾ ਹਿੱਸਾ ਕੁਛ ਸਾਲਾਂ ਦੇ ਅਰਸੇ ਵਿੱਚ ਲਿਖਿਆ ਗਇਆ ਹੈ ਜੋ ਅਤਿ-ਸ੍ਵਲਪ ਹੈ ਅਤੇ ਵਰਡਜ਼ਵਰਥ ਦੀ ਸਾਰੀ ਉਮਰ ਨੂੰ ਵੇਖਦੇ ਹੋਏ ਬਹੁਤ ਥੋੜਾ ਹੈ। ਵਰਡਜ਼ਵਰਥ ਦੇ ਬਹੁਤ ਸਾਰੇ ਪਾਠਕਾਂ ਨੇ ਇਸ ਸਿਲਸਿਲੇ ਵਿੱਚ ਵਿਭਿੰਨ ਪ੍ਰਕਾਰ ਦੇ ਜਵਾਬ ਪੇਸ਼ ਕੀਤੇ ਹਨ। ਸਰ ਹਰਬਰਟ ਰੀਡ ਨੇ ਵਰਡਜ਼ਵਰਥ ਬਾਰੇ ਇਕ ਪੁਸਤਕ ਲਿਖੀ ਹੈ ਜਿਸ ਵਿੱਚ ਉਨ੍ਹਾਂ ਨੇ ਵਰਡਜ਼ਵਰਥ ਦੀ ਕਾਵਿ-ਪ੍ਰਤਿਭਾ ਦੇ ਉੱਥਾਨ-ਪਤਨ ਨੂੰ Annette Vallon ਦੇ ਇਸ਼ਕ ਨਾਲ

ਜੋੜ ਕੇ ਦਰਸਾਇਆ ਹੈ। ਇਸ ਦੇ ਪਸ਼ਚਾਤ ਵਰਡਜ਼ਵਰਥ ਦੀ ਕਵਿਤਾ ਬਾਰੇ F. E. Bateson ਨੇ ਇਕ ਕਿਤਾਬ ਲਿਖੀ ਜੋ ਖਾਸੀ ਦਿਲਚਸਪ ਹੈ। ਇਸ ਕਿਤਾਬ ਵਿੱਚ ਉਸਨੇ ਇਹ ਦ੍ਰਿਸ਼ਟਿਕੋਣ ਪੇਸ਼ ਕੀਤਾ ਹੈ ਕਿ ਵਰਡਜ਼ਵਰਥ ਦੀ ਰਚਨਾ ਵਿੱਚ Annette Vallon ਦਾ ਇਤਨਾ ਮਹਤ੍ਵ ਨਹੀਂ ਜਿਤਨਾ ਰੀਡ ਨੇ ਸਪਸ਼ਟ ਕੀਤਾ ਹੈ। ਅਸਲ ਰਾਜ਼ ਤਾਂ ਇਹ ਸੀ ਕਿ ਉਹ ਆਪਣੀ ਭੈਣ ਦੇ ਇਸ਼ਕ ਵਿੱਚ ਗ੍ਰਸਿਆ ਹੋਇਆ ਸੀ; ਅਤੇ 'Lucy Poems' ਦੀ ਰਚਨਾ ਦਾ ਰਹਸਯ ਇਹੀ ਹੈ। ਇਸ ਗੱਲ ਦੇ ਹੋਰ ਸਪਸ਼ਟੀਕਰਣ ਵਜੋਂ ਬੇਟਸਨ ਲਿਖਦਾ ਹੈ ਕਿ ਵਿਆਹ ਤੋਂ ਉਪਰਾਂਤ ਉਸ ਦੀ ਪ੍ਰੇਰਣਾ-ਉਨਮਾਦ ਦ੍ਵਾਰਾ ਪਰਿਪਲਾਵਿਤ ਅਵਸਥਾ ਸਿਥਿਲ ਪੈ ਗਈ ਸੀ। ਸੰਭਵ ਹੈ ਇਹ ਗੱਲ ਦਰੁਸਤ ਹੋਵੇ। ਇਸ ਦੇ ਪ੍ਰਮਾਣ ਬਹੁਤ ਸਬਲ ਹਨ। ਪਰ ਅਸਲ ਸਵਾਲ ਜਿਸ ਦਾ ਜਵਾਬ ਹਰ ਪਾਠਕ ਨੂੰ ਆਪ ਹੀ ਦੇਣਾ ਚਾਹੀਦਾ ਹੈ ਇਹ ਹੈ ਕਿ ਕੀ ਇਸ ਵਾਰਤਾ-ਵਿਸਤਾਰ ਨਾਲ Lucy Poems ਪਹਲਾਂ ਤੋਂ ਅਧਿਕ ਸਪਸ਼ਟ ਹੋ ਜਾਂਦੀਆਂ ਹਨ ? ਕੀ ਉਹ ਇਨ੍ਹਾਂ ਨਜ਼ਮਾਂ ਨੂੰ ਚੰਗੇਰੀ ਤਰ੍ਹਾਂ ਸਮਝਣ ਲਗ ਜਾਂਦਾ ਹੈ ? ਜਿਥੋਂ ਤਕ ਮੇਰਾ ਸੰਬੰਧ ਹੈ ਮੈਂ ਸਿਰਫ ਇਤਨਾ ਕਹ ਸਕਦਾ ਹਾਂ ਕਿ ਉਨ੍ਹਾਂ ਸੋਮਿਆਂ ਦਾ ਗਿਆਨ ਜਿਨ੍ਹਾਂ ਦੇ ਪ੍ਰਭਾਵ ਦੇ ਫਲ-ਸ੍ਵਰੂਪ ਉਹ ਰਚਨਾ ਅਸਤਿਤ੍ਵ ਵਿੱਚ ਆਈ, ਨਜ਼ਮਾਂ ਨੂੰ ਸਮਝਣ ਦੇ ਸਿਲਸਿਲੇ ਵਿੱਚ ਕੋਈ ਐਸਾ ਮਹਤ੍ਵ ਨਹੀਂ ਰਖਦਾ। ਕਿਸੇ ਨਜ਼ਮ ਦੇ ਉਦਭਵ-ਸਰੋਤ ਬਾਰੇ ਜ਼ਿਆਦਾ ਜਾਣਕਾਰੀ ਸ਼ਾਇਦ ਮੇਰੇ ਅਤੇ ਉਸ ਨਜ਼ਮ ਦੇ ਵਿਚਕਾਰ ਸਾਰਿਆਂ ਸਿਲਸਿਲਿਆਂ ਅਤੇ ਰਿਸ਼ਤਿਆਂ ਨੂੰ ਖਤਮ ਕਰ ਦੇਵੇ। Lucy Poems ਦੇ ਸੰਬੰਧ ਵਿੱਚ ਉਸ ਪ੍ਰਕਾਸ਼ ਤੋਂ ਛੁੱਟ ਜਿਸ ਦੀ ਝਲਕ ਇਨ੍ਹਾਂ ਨਜ਼ਮਾਂ ਵਿਚੋਂ ਪ੍ਰਾਪਤ ਹੋ ਜਾਂਦੀ ਹੈ, ਮੈਨੂੰ ਕਿਸੇ ਭੀ ਸਪਸ਼ਟੀਕਰਣ ਦੀ ਜ਼ਰੂਰਤ ਨਹੀਂ ਹੁੰਦੀ।

ਮੈਂ ਇਹ ਨਹੀਂ ਕਹ ਰਹਿਆ ਕਿ ਇਸ ਪ੍ਰਕਾਰ ਦੀ ਜਾਣਕਾਰੀ ਜੈਸੀ ਰੀਡ ਅਤੇ ਬੇਟਸਨ ਨੇ ਪ੍ਰਸਤੁਤ ਕੀਤੀ ਹੈ ਸਰਵਥਾ ਅਸੰਗਤ ਅਤੇ ਸਾਰਹੀਨ ਹੈ। ਇਸ ਜਾਣਕਾਰੀ ਦਾ ਮਹਤ੍ਵ ਤਾਂ ਉਸ ਵਕਤ ਹੈ ਜਦ ਅਸੀਂ ਵਰਡਜ਼ਵਰਥ ਨੂੰ ਸਮਝਣਾ ਚਾਹੀਏ। ਪਰ ਉਸਦੀ ਕਾਵਿ-ਰਚਨਾ ਨੂੰ ਸਮਝਣ ਨਾਲ ਇਸਦਾ ਕੋਈ ਸਿੱਧਾ ਸੰਬੰਧ ਨਹੀਂ ਹੈ। ਜਾਂ ਇਉਂ ਕਹ ਲਵੋ ਕਿ ਕਵਿਤਾ ਨੂੰ ਕਵਿਤਾ ਦੀ ਹੈਸੀਅਤ ਵਜੋਂ ਸਮਝਣ ਲਈ ਇਹ ਗੱਲ ਜ਼ਰੂਰੀ ਨਹੀਂ ਹੈ। ਮੈਂ ਤਾਂ ਇਥੋਂ ਤਕ ਕਹਣ ਨੂੰ ਤਿਆਰ ਹਾਂ ਕਿ ਹਰ ਮਹਾਨ ਕਵਿਤਾ ਵਿੱਚ ਕੁਛ ਚੀਜ਼ਾਂ ਐਸੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਗੁਪਤ ਰਹਣਾ ਹੀ ਉਚਿਤ ਹੈ ਭਾਵੇਂ ਕਵੀ ਬਾਰੇ ਅਸਾਡੀ ਜਾਣਕਾਰੀ ਕਿਤਨੀ ਹੀ ਵਿਸ਼ਾਲ ਅਤੇ ਸੰਪੂਰਣ ਕਿਉਂ ਨਾ ਹੋ ਜਾਵੇ; ਅਤੇ ਇਹੀ ਉਹ ਗੱਲ ਹੈ ਜੋ ਵਾਸਤਵ ਵਿੱਚ ਅਧਿਕ ਮਹਤ੍ਵ ਰਖਦੀ ਹੈ। ਜਦ ਕੋਈ ਨਜ਼ਮ ਮੁਕੰਮਲ ਹੋ ਜਾਂਦੀ ਹੈ ਤਾਂ ਇਕ ਐਸੀ ਨਵੀਨ ਚੀਜ਼ ਪ੍ਰਕਾਸ਼ ਵਿੱਚ ਆਉਂਦੀ ਹੈ ਕਿ ਤੁਸੀਂ ਉਸ ਦਾ ਸਪਸ਼ਟੀ-

ਕਰਣ ਕਿਸੇ ਐਸੀ ਚੀਜ਼ ਦੇ ਸੰਬੰਧ-ਸਾਪੇਕ੍ਸ਼ ਦ੍ਵਾਰਾ ਨਹੀਂ ਕਰ ਸਕਦੇ ਜੋ ਪਹਲ ਅਸਤਿਤ੍ਵ ਵਿੱਚ ਆ ਚੁਕੀ ਹੈ। ਇਹੀ ਉਹ ਚੀਜ਼ ਹੈ ਜਿਸ ਨੂੰ ਮੈਂ 'ਰਚਨਾ' ਦ ਨਾਮ ਦੇਂਦਾ ਹਾਂ।

ਕਿਸੇ ਤਰ੍ਹਾਂ ਭੀ ਇਹ ਨਹੀਂ ਕਹਿਆ ਜਾ ਸਕਦਾ ਕਿ ਕਵਿਤਾ ਦੀ ਵਿਆ· ਖਿਆ ਅਤੇ ਉਦਭਵ-ਸਰੋਤ ਦਾ ਅਧਿਐਨ ਸਮਸਤ ਸਾਂਪ੍ਰਤਿਕ ਸਮਾਲੋਚਨਾ ਦ ਮੂਲਾਧਾਰ ਹੈ; ਪਰ ਇਹ ਇਕ ਐਸਾ ਤਰੀਕ੍ਰਾ ਜ਼ਰੂਰ ਹੈ ਜੋ ਉਨ੍ਹਾਂ ਪਾਠਕਾਂ ਦ ਇੱਛਾ ਨੂੰ ਪਰਿਤ੍ਰਿਪਤ ਕਰਦਾ ਹੈ ਜੋ ਇਹ ਮੰਗ ਕਰਦੇ ਹਨ ਕਿ ਕਵਿਤਾ ਦ ਵਿਆਖਿਆ ਕਿਸੇ ਹੋਰ ਚੀਜ਼ ਨਾਲ ਮੁਕਾਬਲਾ ਕਰਕੇ ਕੀਤੀ ਜਾਣੀ ਚਾਹੀਦੀ ਹੈ ਇਸ ਤੋਂ ਛੁਟ ਹੋਰ ਭੀ ਕਈ ਪ੍ਰਵਿੱਤੀਆਂ ਹਨ। ਉਦਾਹਰਣ ਵਜੋਂ ਇਕ ਪ੍ਰਵਿੱਤ ਤਾਂ ਉਹੀ ਹੈ ਜੋ ਪ੍ਰੋਫੈਸਰ ਰਿਚਰਡਜ਼ ਵਿੱਚ ਦ੍ਰਿਸ਼ਟਿਗੋਚਰ ਹੁੰਦੀ ਹੈ ਜਿਸ ਵਿੱਚ ਇ ਸਮੱਸਿਆ ਦਾ ਅਨੁਸੰਧਾਨ ਕਰਦੇ ਹਨ ਕਿ ਕਵਿਤਾ ਦੀ ਪ੍ਰਸ਼ੰਸਾ ਕਿਸ ਦਰਜੇ ਤ ਸਿਖਾਈ ਜਾਣੀ ਚਾਹੀਦੀ ਹੈ। ਕੁਛ ਚਿਰ ਤੋਂ ਇਕ ਹੋਰ ਪ੍ਰਵਿੱਤੀ ਭੀ ਮੈਂ ਵੇ ਰਹਿਆ ਹਾਂ। ਮੇਰਾ ਵਿਚਾਰ ਹੈ ਕਿ ਇਸ ਦਾ ਉਦਭਵ-ਸਰੋਤ ਭੀ ਉਹੀ ਹੈ ਜੋ ਪ੍ਰੋਫੈਸਰ ਰਿਚਰਡਜ਼ ਦੇ ਕਲਾਸ-ਰੂਮ ਵਾਲੀ ਰੀਤੀ-ਵਿਧੀ ਵਿੱਚ ਨਜ਼ਰ ਆਉਂਦ ਹੈ; ਅਤੇ ਜੋ ਆਪਣੇ ਤੌਰ ਤੇ ਉਸ ਵਿਮੁਖਤਾ ਦੇ ਵਿਰੁਧ ਇਕ ਪ੍ਰਤਿਕ੍ਰਿਯਾ ਦ ਹੈਸੀਅਤ ਰਖਦੀ ਹੈ ਜਿਸ ਵਿੱਚ ਕਵਿਤਾ ਤੋਂ ਹਟ ਕੇ ਕਵੀ ਵੱਲ ਜ਼ਿਆਦਾ ਧਿਆਨ ਦਿੱਤਾ ਜਾਣ ਲੱਗਾ ਸੀ। ਇਹ ਤਰੀਕ੍ਰਾ ਅਸਾਨੂੰ ਉਸ ਕਿਤਾਬ ਵਿਚ ਨਜ਼ਰ ਆਉਂਦ ਹੈ ਜੋ "Interpretations" ਦੇ ਨਾਮ ਨਾਲ ਇਨ੍ਹਾਂ ਦਿਨਾਂ ਵਿੱਚ ਹੀ ਪ੍ਰਕਾਸ਼ਿ ਹੋਈ ਹੈ। ਇਸ ਵਿੱਚ ੧੨ ਨੌਜਵਾਨ ਸਮਾਲੋਚਕਾਂ ਦੇ ਨਿਬੰਧ ਸ਼ਾਮਿਲ ਹਨ; ਅ ਹਰ ਨਿਬੰਧ ਵਿੱਚ ਸਮਾਲੋਚਕਾਂ ਨੇ ਆਪਣੀ ਪਸੰਦੀਦਾ ਨਜ਼ਮ ਦਾ ਵਿਸ਼ਲੇਸ਼ ਕੀਤਾ ਹੈ। ਇਸ ਸੰਬੰਧ ਵਿਚ ਤਰੀਕ੍ਰਾ ਇਹ ਵਰਤਿਆ ਗਇਆ ਹੈ ਕਿ ਹ ਸਮਾਲੋਚਕ ਨੇ ਪਹਲਾਂ ਇਕ ਇਕ ਪ੍ਰਸਿੱਧ ਨਜ਼ਮ ਦੀ ਚੋਣ ਕਰ ਲੀਤੀ (ਹਰ ਨਜ਼ ਆਪਣੇ ਰੂਪ-ਪ੍ਰਕਾਰ ਵਜੋਂ ਚੰਗੀ ਨਜ਼ਮ ਹੈ) ਫਿਰ ਇਸ ਨਜ਼ਮ ਦਾ ਵਿਸ਼ਲੇਸ਼ ਕਰਨ ਵੇਲੇ ਉਸ ਨੇ ਲੇਖਕ ਦੀ ਕਿਸੇ ਹੋਰ ਰਚਨਾ ਜਾਂ ਨਜ਼ਮ ਦਾ ਹਵਾਲਾ ਨਹੀ ਦਿੱਤਾ ਅਤੇ ਚਰਣ-ਵਾਰ, ਬੰਦ-ਵਾਰ ਉਸ ਦਾ ਵਿਸ਼ਲੇਸ਼ਣ ਕੀਤਾ ਹੈ ਅਤੇ ਦੱਬ ਕੇ ਨਚੋੜਕੇ ਝੰਜੋੜਕੇ ਇਸ ਵਿੱਚੋਂ ਅਰਥ ਦੀ ਜੋ ਬੂੰਦ ਸੰਭਵ ਸੀ ਕੱਢਣ ਦੀ ਕੋਸ਼ਿ ਕੀਤੀ ਹੈ। ਇਸ ਤਰੀਕ੍ਰੇ ਨੂੰ ਸਮਾਲੋਚਨਾ ਦਾ "ਨੇਂਬੂ ਨਚੋੜ ਸਕੂਲ" ਅਖਿਆ ਜ ਸਕਦਾ ਹੈ। ਨਜ਼ਮਾਂ ਦੀ ਚੋਣ ੧੬-ਵੀਂ ਸ਼ਤਾਬਦੀ ਤੋਂ ਲੈਕੇ ਆਧੁਨਿਕ ਕਾਲ ਤਕ ਕੀਤੀ ਗਈ ਹੈ। ਹਰ ਨਜ਼ਮ ਇਕ ਦੂਜੀ ਨਾਲੋਂ ਬੜੀ ਹੱਦ ਤਕ ਵੱਖਰੀ ਹੈ ਇਹ ਕਿਤਾਬ 'The Phoenix and the Turtle' ਤੋਂ ਸ਼ੁਰੂ ਹੁੰਦੀ ਹੈ ਅ Yeats ਰਚਿਤ 'Among School Children' ਤੇ ਖਤਮ ਹੁੰਦੀ ਹੈ, ਅਤੇ ਚੂੰਕਿ

ਹਰ ਸਮਾਲੋਚਕ ਦੀ ਸ਼ੈਲੀ ਆਪਣੀ ਨਿਜੀ ਹੈ ਇਸ ਲਈ ਨਤੀਜਾ ਦਿਲਚਸਪ ਅਤੇ ਇਕ ਹੱਦ ਤਕ ਉਲਝਿਆ ਹੋਇਅ ਹੈ । ਅਸਾਨੂੰ ਇਸ ਗੱਲ ਨੂੰ ਸ੍ਵੀਕਾਰ ਕਰ ਲੈਣਾ ਚਾਹੀਦਾ ਹੈ ਕਿ ਇਨ੍ਹਾਂ ਬਾਰਾਂ ਨਜ਼ਮਾਂ ਦਾ ਅਧਿਐਨ,ਜਿਨ੍ਹਾਂ ਵਿੱਚੋਂ ਹਰੇਕ ਵਿਸ਼ਲੇਸ਼ਣ ਇਤਨੇ ਪਰਿਸ਼੍ਰਮ ਨਾਲ ਕੀਤਾ ਗਇਆ ਹੈ ਵਕਤ-ਗੁਜ਼ਾਰਨ ਦਾ ਇਕ ਬਹੁਤ ਹੀ ਨੀਰਸ ਤਰੀਕਾ ਹੈ । ਮੇਰਾ ਵਿਚਾਰ ਹੈ ਕਿ ਇਨ੍ਹਾਂ ਵਿੱਚੋਂ ਕੁਛ ਕਵੀ (ਅਤੇ ਮੈਥੋਂ ਛੁਟ ਹੋਰ ਸਾਰੇ ਮਰ ਚੁੱਕੇ ਹਨ) ਤਾਂ ਇਹ ਦੇਖਕੇ ਬੜੇ ਹੈਰਾਨ ਹੋ ਜਾਂਦੇ ਕਿ ਉਨ੍ਹਾਂ ਦੀਆਂ ਨਜ਼ਮਾਂ ਵਿੱਚ ਕਿਹੜੇ ਕਿਹੜੇ ਅਰਥ ਸਮਾਵ੍ਰਿੱਤ ਹਨ । ਮੈਨੂੰ ਆਪ ਦੋ ਇੱਕ ਥਾਂ ਥੋੜੀ ਬਹੁਤ ਹੈਰਤ ਜ਼ਰੂਰ ਹੋਈ । ਉਦਾਹਰਣ ਵਜੋਂ ਇਹ ਗੱਲ ਮਾਲੂਮ ਕਰਕੇ ਕਿ ਉਹ ਧੁੰਦ ਜਿਸ ਦਾ ਜ਼ਿਕਰ Prufrock ਦੇ ਪ੍ਰਾਰੰਭ ਵਿੱਚ ਆਇਆ ਹੈ ਕਿਸ ਤਰ੍ਹਾਂ ਕਮਰੇ ਵਿਚ ਦਾਖਿਲ ਹੋ ਗਈ । ਪਰ Prufrock ਦਾ ਵਿਸ਼ਲੇਸ਼ਣ ਕਰਨ ਵੇਲੇ ਸਾਹਿੱਤ ਜਾਂ ਮੇਰੇ ਨਿਜੀ ਜੀਵਨ ਦੇ ਹਨੇਰੇ ਖੂੰਜਿਆਂ ਵਿੱਚ ਝਾਕ ਕੇ ਉਸ ਦੇ ਸਰੋਤ ਲਭਣ ਦੀ ਕੋਸ਼ਿਸ਼ ਨਹੀਂ ਕੀਤੀ ਗਈ । ਇਹ ਸਮਾਲੋਚਨਾਵਾਂ ਇਕ ਐਸੇ ਯਤਨ ਦਾ ਨਿਸ਼ਕਰਸ਼ ਹਨ ਜਿਸ ਵਿੱਚ ਨਜ਼ਮ ਦਾ ਅਰਥ-ਸਾਰ ਸਮਝਣ ਸਮਝਾਉਣ ਦਾ ਉਪਰਾਲਾ ਕੀਤਾ ਗਇਆ ਹੈ, ਅਤੇ ਮੈਨੂੰ ਇਸ ਨਾਲ ਕੋਈ ਗਰਜ਼ ਨਹੀਂ ਕਿ ਮੈਂ ਆਪ ਭੀ ਇਹ ਮਤਲਬ ਸਮਝਿਆ ਸੀ ਜਾਂ ਨਹੀਂ । ਇਸ ਲਈ ਮੈਂ ਵਿਦਵਾਨ ਸਮਾਲੋਚਕ ਦਾ ਰਿਣੀ ਹਾਂ । ਇਨ੍ਹਾਂ ਵਿੱਚ ਕਈ ਨਿਬੰਧ ਐਸੇ ਸਨ ਜੋ ਮੈਨੂੰ ਚੰਗੇ ਲੱਗੇ ਅਤੇ ਜਿਨ੍ਹਾਂ ਤੋਂ ਮੈਂ ਪ੍ਰਭਾਵਿਤ ਹੋਇਆ । ਪਰ ਚੂੰਕਿ ਹਰ ਰੀਤੀ-ਵਿਧੀ ਦੀਆਂ ਆਪਣੀਆਂ ਗ਼ਲਤੀਆਂ ਅਤੇ ਖਾਮੀਆਂ ਹੁੰਦੀਆਂ ਹਨ ਇਸ ਲਈ ਮੈਂ ਉਨ੍ਹਾਂ ਖਤਰਿਆਂ ਅਤੇ ਖਾਮੀਆਂ ਨੂੰ ਸਪਸ਼ਟ ਕਰ ਦਿੱਤਾ ਹੈ । ਇਹ ਜ਼ਰੂਰੀ ਹੈ ਕਿ ਅਧਿਆਪਕ ਭੀ ਇਨ੍ਹਾਂ ਖਤਰਿਆਂ ਤੋਂ ਆਪਣੀ ਜਮਾਤ ਨੂੰ ਖਬਰਦਾਰ ਕਰ ਦੇਣ ਕਿਉਂਕਿ ਇਹੀ ਉਸ ਦੀ ਪਰੀਕ੍ਸ਼ਾ ਦਾ ਅਸਲੀ ਥਾਂ ਹੈ ਅਤੇ ਚੂੰਕਿ ਇਸ ਰੀਤੀ-ਵਿਧੀ ਨੂੰ ਵਿਦਿਆਰਥੀਆਂ ਦੇ ਅਭਿਆਸ ਕਰਾਉਣ ਲਈ ਵਰਤਿਆ ਜਾਂਦਾ ਹੈ ।

ਪਹਲਾ ਖਤਰਾ ਤਾਂ ਇਹ ਹੈ ਕਿ ਇਹ ਸ੍ਵੀਕਾਰ ਕਰ ਲੀਤਾ ਜਾਵੇ ਕਿ ਸਮੁੱਚੇ ਤੌਰ ਤੇ ਕਿਸੇ ਨਜ਼ਮ ਦੀ ਸਿਰਫ਼ ਇਕ ਹੀ ਵਿਆਖਿਆ ਹੋ ਸਕਦੀ ਹੈ ਅਤੇ ਕੇਵਲ ਉਹੀ ਵਿਆਖਿਆ ਠੀਕ ਹੋਵੇਗੀ । ਐਸੀ ਅਵਸਥਾ ਵਿੱਚ ਵਿਆਖਿਆ ਵਿਸਤਾਰ-ਸਹਿਤ ਪੇਸ਼ ਕੀਤੀ ਜਾਵੇਗੀ ਅਤੇ ਖਾਸ ਤੌਰ ਤੇ ਐਸੀਆਂ ਨਜ਼ਮਾਂ ਵਿੱਚ ਜੋ ਅਸਾਡੇ ਜ਼ਮਾਨੇ ਤੋਂ ਛੁਟ ਕਿਸੇ ਹੋਰ ਜ਼ਮਾਨੇ ਵਿੱਚ ਲਿਖੀਆਂ ਗਈਆਂ ਹੋਣ ਹਕੀਕਤਾਂ ਦਾ ਬਯਾਨ ਹੋਵੇਗਾ, ਇਤਿਹਾਸਕ ਸੰਕੇਤ ਅਤੇ ਵਿਸ਼ੇਸ਼ ਸ਼ਬਦਾਂ ਦਾ ਸਪਸ਼ਟੀਕਰਣ ਹੋਵੇਗਾ ਅਤੇ ਇਹ ਭੀ ਦੱਸਿਆ ਜਾਵੇਗਾ ਕਿ ਕਿਸੇ ਵਿਸ਼ੇਸ਼ ਕਾਲ-ਖੰਡ ਵਿੱਚ ਕੋਈ ਸ਼ਬਦ ਕਿਨ੍ਹਾਂ ਵਿਸ਼ੇਸ਼ ਅਰਥਾਂ ਵਿੱਚ ਵਰਤਿਆ ਜਾਂਦਾ ਸੀ । ਅਧਿਆਪਕ ਦਾ ਇਹੀ ਯਤਨ ਹੋਵੇਗਾ ਕਿ ਉਸ ਦੇ ਸ਼ਾਗਿਰਦ ਇਨ੍ਹਾਂ ਸਾਰੀਆਂ ਗੱਲਾਂ ਨੂੰ ਚੰਗੀ ਤਰ੍ਹਾਂ ਜ਼ਿਹਨ-ਨਸ਼ੀਨ

ਕਰ ਲੈਣ। ਪਰ ਜਿਥੋਂ ਤਕ ਸਮੁੱਚੇ ਤੌਰ ਤੇ ਕਿਸੇ ਨਜ਼ਮ ਦੇ ਅਰਥ-ਅਭਿਪ੍ਰਾਯ ਦਾ ਸੰਬੰਧ ਹੈ ਇਹ ਕਿਸੇ ਇਕ ਵਿਆਖਿਆ ਵਿੱਚ ਨਹੀਂ ਸਮਾ ਸਕਦੇ ਕਿਉਂਕਿ ਹਰ ਨਜ਼ਮ ਦੇ ਉਹ ਅਰਥ ਹੋਣਗੇ ਜੋ ਵਿਭਿੰਨ ਸੰਵੇਦਨਸ਼ੀਲ ਪਾਠਕਾਂ ਨੂੰ ਆਪਣੇ ਤੌਰ ਤੇ ਉਸ ਵਿੱਚ ਦ੍ਰਿਸ਼ਟਿਗੋਚਰ ਹੋਣਗੇ। ਦੂਸਰਾ ਖਤਰਾ ਜਿਸ ਦੇ ਜ਼ੈਲ ਵਿੱਚ ਇਨ੍ਹਾਂ ਵਿਚੋਂ ਕੋਈ ਭੀ ਸਮਾਲੋਚਕ ਨਹੀਂ ਆਉਂਦਾ ਜਿਨ੍ਹਾਂ ਦਾ ਮੈਂ ਜ਼ਿਕਰ ਕੀਤਾ ਹੈ ਪਰ ਜੋ ਇਕ ਐਸਾ ਖਤਰਾ ਹੈ ਜਿਸ ਦੀ ਜ਼ਦ ਵਿੱਚ ਸੁਗਮ ਪਾਠਕ ਆ ਜਾਂਦਾ ਹੈ—ਇਹ ਹੈ ਕਿ ਪਾਠਕ ਇਹ ਗੱਲ ਸ੍ਵੀਕਾਰ ਕਰੇ ਕਿ ਕਿਸੇ ਨਜ਼ਮ ਦੀ ਵਿਆਖਿਆ (ਜੇ ਉਹ ਦਰੁਸਤ ਹੈ) ਇਕ ਐਸੀ ਵਿਆਖਿਆ ਹੈ ਜਿਸ ਨੂੰ ਲੇਖਕ ਵਿਵੇਕਪੂਰਵਕ ਜਾਂ ਅਵਿਵੇਕਪੂਰਵਕ ਪ੍ਰਸਤੁਤ ਕਰਨ ਦਾ ਸੁਗਮ ਯਤਨ ਕਰ ਰਹਿਆ ਸੀ ਕਿਉਂਕਿ ਇਹ ਪ੍ਰਵ੍ਰਿੱਤੀ ਇਤਨੀ ਆਮ ਹੈ ਕਿ ਜੇ ਅਸੀਂ ਕਿਸੇ ਨਜ਼ਮ ਦੇ ਉਦਭਵ-ਸਰੋਤ ਅਤੇ ਉਸ ਦੀ ਰਚਨਾ ਦੀ ਮਾਨਸਿਕ ਕ੍ਰਿਯਾ-ਵਿਧੀ ਜਾਣ ਲਈ ਹੈ ਤਾਂ ਅਸੀਂ ਇਹ ਸਮਝਣ ਲਗ ਜਾਂਦੇ ਹਾਂ ਕਿ ਅਸਾਂ ਨਜ਼ਮ ਨੂੰ ਭੀ ਸਮਝ ਲੀਤਾ ਹੈ; ਅਤੇ ਜੇ ਐਸਾ ਨਹੀਂ ਹੈ ਤਾਂ ਅਸੀਂ ਨਜ਼ਮ ਨੂੰ ਸਮਝਣ ਤੋਂ ਅਸਮਰਥ ਹਾਂ। ਅਸੀਂ ਇਹ ਭੀ ਸਮਝਦੇ ਹਾਂ ਕਿ ਕਿਸੇ ਨਜ਼ਮ ਦੀ ਵਿਆਖਿਆ ਤੋਂ ਅਸਾਨੂੰ ਇਹ ਭੀ ਗਿਆਤ ਹੋ ਜਾਂਦਾ ਹੈ ਕਿ ਉਹ ਕਿਵੇਂ ਲਿਖੀ ਗਈ ਸੀ। Prufrock ਦੇ ਵਿਸ਼ਲੇਸ਼ਣ ਨੂੰ ਮੈਂ ਬਹੁਤ ਦਿਲਚਸਪੀ ਨਾਲ ਪੜ੍ਹਿਆ; ਅਤੇ ਦਿਲਚਸਪੀ ਦਾ ਕਾਰਣ ਇਹ ਸੀ ਕਿ ਮੈਨੂੰ ਉਸ ਨਜ਼ਮ ਨੂੰ ਇਕ ਮੇਧਾਵੀ ਸੰਵੇਦਨਸ਼ੀਲ ਅਤੇ ਪਰਿਸ਼੍ਰਮੀ ਪਾਠਕ ਦੀ ਦ੍ਰਿਸ਼ਟੀ ਨਾਲ ਦੇਖਣ ਦਾ ਅਵਸਰ ਮਿਲਿਆ। ਇਸ ਗੱਲ ਦਾ ਮਤਲਬ ਇਹ ਨਹੀਂ ਕਿ ਉਸ ਨੇ ਭੀ ਨਜ਼ਮ ਨੂੰ ਮੇਰੇ ਹੀ ਦ੍ਰਿਸ਼ਟਿਕੋਣ ਤੋਂ ਦੇਖਿਆ ਅਤੇ ਇਸ ਦਾ ਮਤਲਬ ਇਹੋ ਹੈ ਕਿ ਇਸ ਵਿਸ਼ਲੇਸ਼ਣ ਦਾ ਸੰਬੰਧ ਕਿਸੇ ਤਰ੍ਹਾਂ ਉਸ ਅਨੁਭਵ ਨਾਲ ਸੀ ਜਿਸ ਦੇ ਪ੍ਰਭਾਵ-ਵਸ ਮੈਂ ਉਹ ਨਜ਼ਮ ਲਿਖੀ ਸੀ ਜਾਂ ਕਿਸੇ ਐਸੀ ਚੀਜ਼ ਨਾਲ ਸੀ ਜਿਸ ਦਾ ਅਨੁਭਾਵ ਮੈਨੂੰ ਨਜ਼ਮ ਲਿਖਣ ਵੇਲੇ ਹੋਇਆ ਸੀ। ਇਸ ਤਰੀਕੇ ਬਾਰੇ ਮੇਰੀ ਤੀਸਰੀ ਰਾਇ ਇਹ ਹੈ ਕਿ ਆਜ਼ਮਾਇਸ਼ ਵਜੋਂ ਇਸ ਨੀਵਨ ਰੀਤੀ-ਵਿਧੀ ਨੂੰ ਕੁਛ ਬਹੁਤ ਚੰਗੀਆਂ ਨਜ਼ਮਾਂ ਉਪਰ ਆਜ਼ਮਾਕੇ ਦੇਖਾਂ ਅਤੇ ਨਾਲੋ ਨਾਲ ਕਿਸੇ ਐਸੀ ਨਜ਼ਮ ਉਪਰ ਭੀ ਆਜ਼-ਮਾਵਾਂ ਜਿਸ ਤੋਂ ਪਹਲਾਂ ਮੈਂ ਵਾਕਿਫ਼ ਨਹੀਂ ਸਾਂ ਅਤੇ ਫਿਰ ਇਹ ਦੇਖਾਂ ਕਿ ਕੀ ਇਸ ਵਿਸ਼ਲੇਸ਼ਣ ਦ੍ਵਾਰਾ ਮੈਂ ਉਸ ਨਜ਼ਮ ਦਾ ਅਧਿਕ ਰਸਾਸ੍ਵਾਦਨ ਕੀਤਾ ? ਕਿਉਂਕਿ ਇਸ ਸੰਗ੍ਰਹ ਵਿੱਚ ਸੰਚਿਤ ਸਾਰੀਆਂ ਨਜ਼ਮਾਂ ਉਹ ਸਨ ਜਿਨ੍ਹਾਂ ਤੋਂ ਮੈਂ ਪਹਲਾਂ ਹੀ ਜਾਣੂ ਸਾਂ ਅਤੇ ਜੋ ਸਾਲਾਂ ਬੱਧੀ ਮੈਨੂੰ ਪ੍ਰਿਯ ਰਹੀਆਂ ਹਨ। ਇਸ਼ ਲਈ ਉਨ੍ਹਾਂ ਵਿਸ਼ਲੇਸ਼ਣਾਂ ਨੂੰ ਪੜ੍ਹਕੇ ਮੈਂ ਮਹਸੂਸ ਕੀਤਾ ਕਿ ਮੈਂ ਇਨ੍ਹਾਂ ਨਜ਼ਮਾਂ ਬਾਰੇ ਆਪਣੇ ਪਹਲੇ ਇਹਸਾਸਾਂ ਨੂੰ ਬਹੁਤ ਘਟ ਤਾਜ਼ਾ ਕਰ ਸਕਿਆ ਹਾਂ। ਇਨ੍ਹਾਂ ਵਿਸ਼ਲੇਸ਼ਣਾਂ ਨੂੰ ਪੜ੍ਹਕੇ ਮੈਨੂੰ ਇਉਂ ਮਹਸੂਸ ਹੋਇਆ ਕਿ ਮਾਨੋਂ ਇਕ ਮਸ਼ੀਨ ਦੇ ਪੁਰਜ਼ਿਆਂ ਨੂੰ

ਅਲਗ ਅਲਗ ਕਰ ਦਿੱਤਾ ਗਇਆ ਹੈ ਅਤੇ ਮੇਰੇ ਸਪੁਰਦ ਇਹ ਕੰਮ ਕੀਤਾ ਗਇਆ ਹੈ ਕਿ ਇਨ੍ਹਾਂ ਪੁਰਜ਼ਿਆਂ ਨੂੰ ਦੁਬਾਰਾ ਜੋੜ ਕੇ ਫਿਰ ਮਸ਼ੀਨ ਦੀ ਸ਼ਕਲ ਤਿਆਰ ਕਰ ਦਿਆਂ। ਵਾਸਤਵ ਵਿੱਚ ਵਿਆਖਿਆ ਦਾ ਗੰਭੀਰ ਮਹਤ੍ਵ ਇਹ ਹੈ ਕਿ ਉਹ ਮੇਰੀ ਆਪਣੀ ਵਿਆਖਿਆ ਹੋਵੇ। ਸੰਭਵ ਹੈ ਇਸ ਨਜ਼ਮ ਵਿੱਚ ਬਹੁਤ ਸਾਰੀਆਂ ਚੀਜ਼ਾਂ ਐਸੀਆਂ ਹੋਣ ਜਿਨ੍ਹਾਂ ਨਾਲ ਮੇਰੀ ਜਾਣਕਾਰੀ ਜ਼ਰੂਰੀ ਹੋਵੇ ਜਾਂ ਫਿਰ ਬਹੁਤ ਸਾਰੀਆਂ ਗੱਲਾਂ ਐਸੀਆਂ ਹੋਣ ਜਿਥੇ ਵਿਦਵਾਨ ਮੇਰੀ ਅਗਵਾਈ ਕਰ ਸਕਦੇ ਹੋਣ ਅਤੇ ਜਿਨ੍ਹਾਂ ਦੀ ਸਹਾਇਤਾ ਨਾਲ ਮੈਂ ਵਿਸ਼ੇਸ਼ ਭ੍ਰਾਂਤੀਆਂ ਦਾ ਨਿਰਾਕਰਣ ਕਰ ਸਕਾਂ। ਪਰ ਮੇਰਾ ਵਿਚਾਰ ਹੈ ਕਿ ਇਕ ਦਰੁਸਤ ਵਿਆਖਿਆ ਮੇਰੇ ਆਪਣੇ ਇਹਸਾਸਾਂ ਦੀ ਵਿਆਖਿਆ ਹੁੰਦੀ ਹੈ ਜੋ ਉਸ ਨਜ਼ਮ ਨੂੰ ਪੜ੍ਹਨ ਵੇਲੇ ਮੇਰੇ ਅੰਦਰ ਪੈਦਾ ਹੁੰਦੇ ਹਨ।

ਮੇਰਾ ਉੱਦੇਸ਼ ਇਹ ਨਹੀਂ ਕਿ ਮੈਂ ਹਰ ਪ੍ਰਕਾਰ ਦੀ ਸਮਾਲੋਚਨਾ ਬਾਰੇ ਜੋ ਅਸਾਡੇ ਆਪਣੇ ਜ਼ਮਾਨੇ ਵਿੱਚ ਪ੍ਰਚਲਿਤ ਹੈ ਆਪਣੀ ਰਾਇ ਪੂਰੇ ਤੌਰ ਤੇ ਪ੍ਰਗਟ ਕਰ ਦਿਆਂ। ਮੇਰੀ ਇਛਾ ਤਾਂ ਇਹ ਹੈ ਕਿ ਮੈਂ ਆਪ ਦਾ ਧਿਆਨ ਉਸ ਸਮਾ-ਲੋਚਨਾ ਵੱਲ ਆਕਰਸ਼ਿਤ ਕਰਾਂ ਜਿਸ ਦਾ ਰੂਪਾਂਤਰ ਕਾਲਰਿਜ ਤੋਂ ਸ਼ੁਰੂ ਹੋਇਆ ਅਤੇ ਜੋ ਬਹੁਤ ਤੀਬ੍ਰਤਾ ਨਾਲ ਪ੍ਰਚਲਿਤ ਅਤੇ ਸਰਵ-ਪ੍ਰਿਯ ਹੋਈ ਹੈ। ਸਮਾਲੋਚਨਾ ਦੀ ਇਹ ਤੀਬ੍ਰ ਗਤੀ ਇਕ ਪਾਸੇ ਤਾਂ ਸਮਾਜ-ਸ਼ਾਸਤ੍ਰ ਦੇ ਸੰਬੰਧ-ਸਾਪੇਕ੍ਸ਼ ਦੁਆਰਾ ਉਤਪੰਨ ਹੋਈ ਅਤੇ ਦੂਸਰੇ ਕਾਲਜਾਂ ਤੇ ਯੂਨੀਵਰਸਟੀਆਂ ਵਿਚ ਸਾਹਿੱਤ ਦੀ ਵਰਧਮਾਨ ਸ਼ਿਕ੍ਸ਼ਾ (ਜਿਸ ਵਿੱਚ ਵਰਤਮਾਨਕਾਲੀਨ ਸਾਹਿੱਤ ਭੀ ਸ਼ਾਮਿਲ ਹੈ) ਦੇ ਕਾਰਣ ਪੈਦਾ ਹੋਈ ਹੈ। ਮੈਂ ਇਸ ਪਰਿਵਰਤਨ ਜਾਂ ਰੂਪਾਂਤਰ ਨੂੰ ਬੁਰਾ ਨਹੀਂ ਸਮਝਦਾ ਕਿਉਂਕਿ ਇਹ ਤਾਂ ਮੈਨੂੰ ਅਪਰਿਹਾਰਯ ਪ੍ਰਤੀਤ ਹੁੰਦੀ ਹੈ। ਅਵਿਸ਼ਵਾਸ ਦੇ ਦੌਰ ਵਿੱਚ, ਇਕ ਐਸੇ ਦੌਰ ਵਿੱਚ ਜਿਥੇ ਮਾਨਵ ਨਵੀਨ ਵਿਗਿਆਨ ਤੋਂ ਵਿਸਮਯ-ਵਿਮੂੜ੍ਹ ਹੋ ਕੇ ਰਹ ਗਇਆ ਹੈ, ਜਿਥੇ ਸਮਸਤ ਪਾਠਕਾਂ ਵਿੱਚ ਸਾਂਝੇ ਸਿੱਧਾਂਤ, ਅਨੁਮਾਨ ਅਤੇ ਪਰਿਪਾਰਸ਼ਵ ਵਿਲੁਪਤ ਹੋ ਗਏ ਹਨ ਕੋਈ ਸਥਾਨ ਐਸਾ ਨਹੀਂ, ਜਿਸ ਨੂੰ ਵਿਵਰਜਿਤ ਕਰਾਰ ਦਿੱਤਾ ਜਾ ਸਕੇ। ਪਰ ਇਸ ਸਮਸਤ ਨਾਨਾਤ੍ਵ ਦੇ ਬਾਵਜੂਦ ਅਸੀਂ ਇਹ ਪ੍ਰਸ਼ਨ ਪੁੱਛ ਸਕਦੇ ਹਾਂ ਕਿ ਆਖਿਰ ਉਹ ਕਿਹੜੀ ਚੀਜ਼ ਹੈ ਜੋ ਸਮਸਤ ਸਾਹਿੱਤਕ ਸਮਾਲੋਚਨਾ ਵਿੱਚ ਸਾਂਝੀ ਹੋਣੀ ਚਾਹੀਦੀ ਹੈ। ਤੀਹ ਸਾਲ ਪਹਲਾਂ ਮੈਂ ਇਸ ਗੱਲ ਉਪਰ ਜ਼ੋਰ ਦਿੱਤਾ ਸੀ ਕਿ ਸਾਹਿੱਤਕ ਸਮਾਲੋਚਨਾ ਦਾ ਧਰਮ ਇਹ ਹੈ ਕਿ ਉਹ ਸਾਹਿੱਤ ਤੋਂ ਆਨੰਦ-ਪ੍ਰਾਪਤੀ ਦੀ ਸ਼ਕਤੀ ਅਤੇ ਉਸ ਦੇ ਅਵਬੋਧਨ ਨੂੰ ਅੱਗੇ ਵਧਾਵੇ। ਪਰ ਹੁਣ ਮੈਂ ਇਸ ਵਿੱਚ ਇਤਨਾਂ ਵਾਧਾ ਹੋਰ ਕਰਾਂਗਾ ਕਿ ਇਸ ਵਿੱਚ ਇਹ ਨਕਾਰਾਤਮਕ ਰਵਈਆ ਭੀ ਨਿਹਿਤ ਹੈ ਕਿ ਅਸੀਂ ਦੇਖੀਏ ਕਿ ਆਖਿਰ ਉਹ ਕਿਹੜੀਆਂ ਚੀਜਾਂ ਹਨ ਜਿਨ੍ਹਾਂ ਦਾ ਰਸਾਸ੍ਵਾਦਨ ਨਹੀਂ

ਕਰਨਾ ਚਾਹੀਦਾ ਕਿਉਂਕਿ ਕਈ ਵਾਰੀ ਸਮਾਲੋਚਕ ਤੋਂ ਇਹ ਕੰਮ ਭੀ ਲਇਆ ਜਾਂਦਾ ਹੈ ਕਿ ਉਹ ਦੂਸਰੇ ਦਰਜੇ ਦੀਆਂ ਚੀਜ਼ਾਂ ਅਤੇ ਮਾਨਸਿਕ ਕਪਟਤਾ ਦੀ ਨਿੰਦਾ ਭੀ ਕਰੇ । ਭਾਵੇਂ ਇਹ ਭੀ ਦਰੁਸਤ ਹੈ ਕਿ ਸਮਾਲੋਚਕ ਦਾ ਇਹ ਫਰਜ਼ ਗਉਣ ਮਹਤ੍ਵ ਰਖਦਾ ਹੈ । ਕਿਉਂਕਿ ਉਸ ਦਾ ਅਸਲ ਕੰਮ ਇਹ ਹੈ ਕਿ ਉਹ ਸ਼ਲਾਘਾਯੋਗ ਚੀਜ਼ਾਂ ਦੀ ਪ੍ਰਸ਼ੰਸਾ ਕਰਨ ਦੀ ਚੇਤਨਾ ਰਖਦਾ ਹੋਵੇ । ਇਸ ਗੱਲ ਉਪਰ ਮੈਂ ਖਾਸ ਜ਼ੋਰ ਦੇਣਾ ਚਾਹੁੰਦਾ ਹਾਂ ਕਿ ਮੈਂ ਅਵਬੋਧਨ ਅਤੇ ਆਨੰਦ-ਪ੍ਰਾਪਤੀ ਨੂੰ ਅਲਗ ਅਲਗ ਚੀਜ਼ਾਂ ਨਹੀਂ ਸਮਝਦਾ । ਇਕ ਦਾ ਸੰਬੰਧ ਮਸਤਿਸ਼ਕ ਨਾਲ ਹੈ ਅਤੇ ਦੂਸਰੀ ਦਾ ਭਾਵਾਂ ਨਾਲ । ਅਵਬੋਧਨ ਤੋਂ ਮੇਰਾ ਅਭਿਪ੍ਰਾਯ ਵਿਆਖਿਆ ਨਹੀਂ ਹੈ ਬੇਸ਼ਕ ਉਸ ਚੀਜ਼ ਦੀ ਵਿਆਖਿਆ ਜੋ ਵਿਆਖਿਆ-ਯੋਗ ਹੋਵੇ ਅਕਸਰ ਅਵਬੋਧਨ ਦਾ ਇਕ ਸਾਧਨ ਬਣ ਸਕਦੀ ਹੈ । ਮੈਂ ਇਕ ਸਰਲ ਜੇਹੀ ਮਿਸਾਲ ਪੇਸ਼ ਕਰਾਂਗਾਂ । ਚੌਸਰ ਨੂੰ ਸਮਝਣ ਲਈ ਮੂਲ-ਰੂਪ ਵਿੱਚ ਇਹ ਆਵੱਸ਼ਕ ਹੈ ਕਿ ਅਸੀਂ ਅਪ੍ਰਚਲਿਤ ਸ਼ਬਦਾਂ ਅਤੇ ਅਸਾਧਾਰਣ ਰੂਪਾਂ ਤੋਂ ਜਾਣੂੰ ਹੋਈਏ । ਇਸ ਜਾਣਕਾਰੀ ਨੂੰ ਅਸੀਂ ਵਿਆਖਿਆ ਦਾ ਨਾਮ ਦੇ ਸਕਦੇ ਹਾਂ । ਪਰ ਇਹ ਭੀ ਹੋ ਸਕਦਾ ਹੈ ਕਿ ਇਕ ਸ਼ਖਸ ਚੌਸਰ ਦੀ ਸ਼ਬਦਾਵਲੀ ਅਖਰਜੋੜ ਅਤੇ ਵਿਆਕਰਣ ਤੋਂ ਜਾਣੂੰ ਹੋਵੇ; ਅਤੇ ਇਹ ਭੀ ਮੰਨ ਲਈਏ ਕਿ ਉਹ ਪੁਰਸ਼ ਚੌਸਰ ਦੇ ਦੌਰ, ਇਸ ਦੌਰ ਦੇ ਸਾਮਾਜਿਕ ਆਚਾਰ-ਵਿਧਾਨ, ਇਸ ਦੇ ਨਿਸ਼ਠਾ-ਵਿਸ਼ਵਾਸ, ਇਸ ਦੇ ਗਿਆਨ ਅਤੇ ਇਸ ਦੇ ਅਗਿਆਨ ਤੋਂ ਭੀ ਚੰਗੀ ਤਰ੍ਹਾਂ ਵਾਕਿਫ਼ ਹੋਵੇ : ਪਰ ਇਨ੍ਹਾਂ ਸਾਰੀਆਂ ਗੱਲਾਂ ਦੇ ਬਾਵਜੂਦ ਉਹ ਕਵਿਤਾ ਦਾ ਅਵਬੋਧਨ ਨਾ ਕਰ ਸਕੇ । ਕਿਸੇ ਨਜ਼ਮ ਦੇ, ਅਵਬੋਧਨ ਦਾ ਅਭਿਪ੍ਰਾਯ ਇਹ ਨਹੀਂ ਕਿ ਇਸ ਨਜ਼ਮ ਦਾ ਸਹੀ ਤੌਰ ਤੇ ਰਸਾਸ੍ਵਾਦਨ ਕੀਤਾ ਜਾ ਸਕੇ । ਹੁਣ ਇਥੇ ਇਹ ਕਹਿਆ ਜਾ ਸਕਦਾ ਹੈ ਕਿ ਇਸ ਦਾ ਮਤਲਬ ਤਾਂ ਇਹ ਹੋਇਆ ਕਿ ਇਸ ਨਜ਼ਮ ਦਾ ਇਤਨਾ ਰਸਾਸ੍ਵਾਦਨ ਕੀਤਾ ਜਾਵੇ ਜਿਤਨੀ ਇਸ ਵਿੱਚ ਰਸਾਸ੍ਵਾਦਨ ਦੀ ਯੋਗਤਾ ਮੌਜੂਦ ਹੈ । ਕਿਸੇ ਗ਼ਲਤ-ਫਹਮੀ ਵਜੋਂ ਨਜ਼ਮ ਦੇ ਰਸਾਸ੍ਵਾਦਨ ਦਾ ਅਰਥ-ਅਭਿਪ੍ਰਾਯ ਇਹ ਨਹੀਂ ਕਿ ਅਸੀਂ ਵਾਸਤਵ ਵਿੱਚ ਇਸ ਨਜ਼ਮ ਤੋਂ ਨਹੀਂ ਸਗੋਂ ਆਪਣੇ ਮਸਤਿਸ਼ਕ ਦੀ ਰੂਪਾਂਤਰਿਤ ਅਵਸਥਾ ਤੋਂ ਆਨੰਦਿਤ ਹੋ ਰਹੇ ਹਾਂ । ਭਾਸ਼ਾ ਦਾ ਪ੍ਰਯੋਗ ਇਕ ਕਠਿਨ ਅਤੇ ਜਟਿਲ ਸਾਧਨਾ ਹੈ ਕਿ ਇਥੇ ਰਸਾਸ੍ਵਾਦਨ ਅਤੇ ਆਨੰਦ-ਪ੍ਰਾਪਤੀ ਦੇ ਅਰਥ-ਸਾਰ ਵਿੱਚ ਭੀ ਫਰਕ ਪੈਦਾ ਹੋ ਜਾਂਦਾ ਹੈ । ਉਦਾਹਰਣ ਵਜੋਂ ਜੇ ਇਹ ਕਹਿਆ ਜਾਵੇ ਕਿ ਕੋਈ ਸ਼ਖਸ ਕਵਿਤਾ ਦਾ ਰਸਾਸ੍ਵਾਦਨ ਕਰਦਾ ਹੈ ਤਾਂ ਇਸ ਦਾ ਅਰਥ-ਭਾਵ ਇਸ ਤੋਂ ਵਿਭਿੰਨ ਹੋਵੇਗਾ ਜੇ ਇਹ ਕਹਿਆ ਜਾਵੇ ਕਿ ਕੋਈ ਸ਼ਖਸ ਕਵਿਤਾ ਤੋਂ ਆਨੰਦ ਪ੍ਰਾਪਤ ਕਰਦਾ ਹੈ । ਰਸ (ਜਾਂ ਆਨੰਦ) ਦੇ ਅਰਥ ਭੀ ਉਸ ਚੀਜ਼ ਦੇ ਨਾਲ ਬਦਲ ਜਾਂਦੇ ਹਨ ਜਿਸ ਤੋਂ ਇਹ ਪੈਦਾ ਹੋ ਰਹਿਆ ਹੈ । ਵਿਭਿੰਨ ਕਵਿਤਾਵਾਂ ਵਿਭਿੰਨ ਪ੍ਰਕਾਰ

ਦੀਆਂ ਤ੍ਰਿਪਤੀਆਂ ਪ੍ਰਦਾਨ ਕਰਦੀਆਂ ਹਨ । ਇਹ ਗੱਲ ਦਰੁਸਤ ਹੈ ਕਿ ਅਸੀਂ ਕਿਸੇ ਨਜ਼ਮ ਤੋਂ ਉਸ ਵਕਤ ਤਕ ਆਨੰਦ-ਪ੍ਰਾਪਤੀ ਨਹੀਂ ਕਰ ਸਕਦੇ ਜਦ ਤਕ ਅਸੀਂ ਉਸ ਨੂੰ ਸਮਝ ਨਾ ਲਈਏ, ਅਤੇ ਇਸ ਦੇ ਵਿਪਰੀਤ ਇਹ ਗੱਲ ਭੀ ਉਤਨੀ ਹੀ ਦਰੁਸਤ ਹੈ ਕਿ ਅਸੀਂ ਉਸ ਨਜ਼ਮ ਨੂੰ ਉਸ ਵਕਤ ਤਕ ਪੂਰੇ ਤੌਰ ਤੇ ਨਹੀਂ ਸਮਝ ਸਕਦੇ ਜਦ ਤਕ ਅਸੀਂ ਉਸ ਤੋਂ ਆਨੰਦਿਤ ਨਾ ਹੋਈਏ। ਇਸ ਦਾ ਮਤਲਬ ਇਹ ਹੈ ਕਿ ਇਸ ਤੋਂ ਸਹੀ ਤੌਰ ਅਤੇ ਸਹੀ ਹੱਦ ਤਕ ਦੂਸਰੀਆਂ ਨਜ਼ਮਾਂ ਦੇ ਸੰਬੰਧ-ਸਾਪੇਕ੍ਸ਼ ਨਾਲ ਆਨੰਦ-ਪ੍ਰਾਪਤੀ ਕੀਤੀ ਜਾਵੇ (ਕਿਸੇ ਇੱਕ ਨਜ਼ਮ ਅਤੇ ਦੂਸਰੀਆਂ ਨਜ਼ਮਾਂ ਤੋਂ ਆਨੰਦ-ਪ੍ਰਾਪਤੀ ਕਰਨ ਤੋਂ ਪਰਸਪਰ ਸੰਬੰਧ ਵਜੋਂ ਰਸਿਕਤਾ ਦਾ ਪਤਾ ਚਲਦਾ ਹੈ) ਇਸ ਗੱਲ ਨੂੰ ਪ੍ਰਗਟ ਕਰਨ ਦੀ ਖਾਸ ਜ਼ਰੂਰਤ ਨਹੀਂ ਹੈ ਕਿ ਇਸ ਵਿੱਚ ਇਹ ਗੱਲ ਭੀ ਨਿਹਿਤ ਹੈ ਕਿ ਖ਼ਰਾਬ ਨਜ਼ਮਾਂ ਦਾ ਰਸਾਸ੍ਵਾਦਨ ਨਹੀਂ ਕਰਨਾ ਚਾਹੀਦਾ ਜਦੋਂ ਤਕ ਕਿ ਇਨ੍ਹਾਂ ਦੀ ਖਰਾਬੀ ਇਸ ਪ੍ਰਕਾਰ ਦੀ ਨਾ ਹੋਵੇ ਕਿ ਉਹ ਅਸਾਡੀ ਹਾਸਜ-ਚੇਤਨਾ ਨੂੰ ਪ੍ਰਭਾਵਿਤ ਕਰਦੀ ਹੋਵੇ ।

ਮੈਂ ਪਹਲਾਂ ਹੀ ਕਹ ਚੁਕਾ ਹਾਂ ਕਿ ਹੋ ਸਕਦਾ ਹੈ ਅਵਬੋਧਨ ਲਈ ਪਹਲਾਂ ਵਿਆਖਿਆ ਦੀ ਲੋੜ ਪਵੇ । ਮੈਨੂੰ ਤਾਂ ਇਉਂ ਪ੍ਰਤੀਤ ਹੁੰਦਾ ਹੈ ਕਿ ਮੈਂ ਕਵਿਤਾ ਬਿਨਾਂ ਵਿਆਖਿਆ ਦੇ ਹੀ ਸਮਝ ਲੈਂਦਾ ਹਾਂ। ਅਤੇ ਇਸ ਦਾ ਕਾਰਣ ਇਹ ਹੈ ਕਿ ਅਧਿਕਤਰ ਕਵਿਤਾ ਵਿੱਚ ਮੈਨੂੰ ਕੋਈ ਐਸੀ ਚੀਜ਼ ਨਜ਼ਰ ਨਹੀਂ ਆਉਂਦੀ ਜਿਸ ਦੀ ਵਿਆਖਿਆ ਕੀਤੀ ਜਾਵੇ । ਮੇਰਾ ਮਤਲਬ ਇਹ ਹੈ ਕਿ ਕੋਈ ਚੀਜ਼ ਐਸੀ ਨਹੀਂ ਹੈ ਜੋ ਕਿਸੇ ਨਜ਼ਮ ਦੇ ਅਵਬੋਧਨ ਵਿੱਚ ਮੈਨੂੰ ਸਹਾਰਾ ਦੇਕੇ ਮੇਰੀ ਆਨੰਦ-ਪ੍ਰਾਪਤੀ ਨੂੰ ਦੋਬਾਲਾ ਕਰ ਦੇਵੇ । ਜਿਵੇਂ ਕਿ ਮੈਂ ਪਹਲਾਂ ਸੰਕੇਤ ਵਜੋਂ ਕਹਿਆ ਹੈ ਕਿ ਕਈ ਵਾਰੀ ਤਾਂ ਵਿਆਖਿਆ ਮੈਨੂੰ ਕਿਸੇ ਨਜ਼ਮ ਤੋਂ ਕਵਿਤਾ ਦੀ ਹੈਸੀਅਤ ਵਜੋਂ ਦੂਰ ਕਰ ਦੇਂਦੀ ਹੈ ਬਜਾਇ ਇਸ ਦੇ ਕਿ ਉਹ ਮੈਨੂੰ ਅਵਬੋਧਨ ਦੀ ਦਿਸ਼ਾ ਵੱਲ ਅੱਗੇ ਵਧਾਏ ਅਤੇ ਮੇਰੀ ਅਗਵਾਈ ਕਰੇ । ਮੇਰੀ ਉੱਤਮ ਤਰਕ-ਯੁਕਤੀ ਇਸ ਸਿਲਸਿਲੇ ਵਿੱਚ ਸ਼ਾਇਦ ਇਹ ਹੈ ਕਿ ਮੈਂ ਇਹ ਗੱਲ ਦੇ ਫ਼ਰੇਬ ਵਿੱਚ ਨਹੀਂ ਫਸਦਾ ਕਿ ਮੈਂ ਸ਼ੈਕਸਪੀਅਰ ਜਾਂ ਸ਼ੈਲੀ ਦੀ ਕਵਿਤਾ ਨੂੰ ਸਮਝਦਾ ਹਾਂ ਸਗੋਂ ਜਦ ਸ਼ੈਕਸਪੀ-ਅਰ ਜਾਂ ਸ਼ੈਲੀ ਦੇ ਸਰਵ-ਉੱਤਮ ਵਾਕ ਅੱਜ ਭੀ ਮੈਂ ਦੁਹਰਾਂਦਾ ਹਾਂ ਤਾਂ ਮੇਰੇ ਵਿੱਚ ਉਹੀ ਤੜਪ ਅਤੇ ਪੁਲਕ-ਲਹਰ ਪੈਦਾ ਹੋ ਜਾਂਦੀ ਹੈ ਜੋ ਤੜਪ ਅਤੇ ਪੁਲਕ-ਲਹਰ ਮੇਰੇ ਵਿੱਚ ਉਸ ਵਕਤ ਪੈਦਾ ਹੋਈ ਸੀ ਜਦ ਅੱਜ ਤੋਂ ਪੰਜਾਹ ਸਾਲ ਪਹਲਾਂ ਮੈਂ ਉਨ੍ਹਾਂ ਨੂੰ ਪੜ੍ਹਿਆ ਸੀ ।

ਸਾਹਿੱਤਕ ਸਮਾਲੋਚਕ ਅਤੇ ਉਸ ਆਲੋਚਕ ਵਿਚਕਾਰ ਜੋ ਸਾਹਿੱਤਕ ਸਮਾਲੋਚਨਾ ਦੀਆਂ ਸੀਮਾਵਾਂ ਦਾ ਅਤਿਕ੍ਰਮਣ ਕਰ ਗਇਆ ਹੈ, ਇਹ ਅੰਤਰ ਨਹੀਂ

ਹੈ ਕਿ ਸਾਹਿੱਤਕ ਸਮਾਲੋਚਕ ਨਿਤਾਂਤ ਸਾਹਿੱਤਕ ਹੁੰਦਾ ਹੈ ਜਾਂ ਉਸ ਦੀ ਹੋਰ ਕੋਈ ਦਿਲਚਸਪੀ ਨਹੀਂ ਹੁੰਦੀ। ਉਹ ਸਮਾਲੋਚਕ ਜੋ ਸਾਹਿੱਤ ਤੋਂ ਛੁਟ ਕਿਸੇ ਦੂਸਰੀ ਚੀਜ਼ ਵਿੱਚ ਦਿਲਚਸਪੀ ਨਹੀਂ ਲੈਂਦਾ ਉਸ ਦੇ ਪਾਸ ਕਹਣ ਲਈ ਭੀ ਬਹੁਤ ਘਟ ਹੁੰਦਾ ਹੈ ਕਿਉਂਕਿ ਐਸੀ ਅਵਸਥਾ ਵਿੱਚ ਉਸ ਦਾ ਸਾਹਿੱਤ ਇਕ ਅਸੰਬੱਧ ਅਤੇ ਵਿਛਿੰਨ ਵਸਤੂ-ਮਾਤ੍ਰ ਬਣਕੇ ਰਹ ਜਾਂਦਾ ਹੈ। ਕਵਿਤਾ ਤੋਂ ਛੁਟ ਭੀ ਕਵੀ ਦੀਆਂ ਦਿਲਚਸਪੀਆਂ ਹੁੰਦੀਆਂ ਹਨ ਕਿਉਂਕਿ ਉਨ੍ਹਾਂ ਦੇ ਬਿਨਾਂ ਉਸ ਦੀ ਕਵਿਤਾ ਖਾਲੀ ਖਾਲੀ ਜੇਹੀ ਰਹੇਗੀ। ਕਵੀ ਇਸ ਲਈ ਕਵੀ ਹੈ ਕਿ ਉਸ ਦੀ ਪ੍ਰਬਲ ਦਿਲਚਸਪੀ ਇਹ ਹੈ ਕਿ ਉਹ ਆਪਣੇ ਅਨੁਭਵ ਅਤੇ ਆਪਣੇ ਵਿਚਾਰ ਨੂੰ (ਅਨੁਭਵ ਅਤੇ ਅਨੁਚਿੰਤਨ ਦਾ ਇਹ ਮਤਲਬ ਨਹੀਂ ਕਿ ਉਹ ਕਵਿਤਾ ਤੋਂ ਛੁਟ ਹੋਰ ਭੀ ਦਿਲਚਸਪੀਆਂ ਰਖਦਾ ਹੈ) ਕਵਿਤਾ ਦਾ ਜਾਮਾ ਪਹਨਾ ਦੇਵੇ। ਇਸੇ ਤਰ੍ਹਾਂ ਉਹ ਸਮਾਲੋਚਕ ਸਾਹਿੱਤਕ ਸਮਾਲੋਚਕ ਅਖਵਾਉਣ ਦਾ ਅਧਿਕਾਰੀ ਹੈ ਜਿਸ ਦੀ ਬੁਨਿਆਦੀ ਦਿਲਚਸਪੀ ਇਹ ਹੈ ਕਿ ਉਹ ਆਪਣੇ ਪਾਠਕਾਂ ਵਿੱਚ ਕਵਿਤਾ ਦਾ ਅਵਬੋਧਨ ਪੈਦਾ ਕਰੇ ਅਤੇ ਉਨ੍ਹਾਂ ਵਿੱਚ ਕਵਿਤਾ ਦੇ ਰਸਾਸ੍ਵਾਦਨ ਦੀ ਭਾਵਨਾ ਨੂੰ ਉੱਤੇਜਿਤ ਕਰੇ। ਇਸ ਦੇ ਲਈ ਆਵਸ਼ੱਕ ਹੈ ਕਿ ਉਹ ਕਵੀ ਵਾਂਗ ਹੋਰ ਚੀਜ਼ਾਂ ਵਿੱਚ ਭੀ ਦਿਲਚਸਪੀ ਰੱਖੇ ਕਿਉਂਕਿ ਸਾਹਿੱਤਕ ਸਮਾਲੋਚਕ ਦੀ ਹੈਸੀਅਤ ਸਿਰਫ਼ ਕਿਸੇ ਕਲਾ-ਵਿਸ਼ੇਸ਼ਗ ਵਾਲੀ ਹੀ ਨਹੀਂ ਹੈ ਜਿਸ ਨੇ ਸਿੱਧਾਂਤ ਅਤੇ ਨਿਯਮ ਸਿੱਖ ਲੀਤੇ ਹਨ, ਜਿਨ੍ਹਾਂ ਦੀ ਪਾਬੰਦੀ ਉਨ੍ਹਾਂ ਲੇਖਕਾਂ ਨੂੰ ਕਰਨੀ ਚਾਹੀਦੀ ਹੈ ਜਿਨ੍ਹਾਂ ਉਪਰ ਉਹ ਆਲੋਚਨਾ ਕਰ ਰਹਿਆ ਹੈ। ਸਮਾਲੋਚਕ ਲਈ ਜ਼ਰੂਰੀ ਹੈ ਕਿ ਉਹ ਇਕ ਸੰਪੂਰਣ ਇਕਾਈ ਦੀ ਹੈਸੀਅਤ ਰਖਦਾ ਹੋਵੇ–ਇਕ ਐਸਾ ਆਦਮੀ ਹੋਵੇ ਜਿਸ ਦੇ ਆਪਣੇ ਵਿਸ਼ਵਾਸ ਅਤੇ ਨਿਸ਼ਠਾ-ਆਦਰਸ਼ ਹੋਣ, ਜਿਸ ਦੇ ਪਾਸ ਗਿਆਨ ਭੀ ਹੋਵੇ ਅਤੇ ਜੀਵਨ ਦਾ ਅਨੁਭਵ ਭੀ।

ਹੁਣ ਅਸੀਂ ਇਹ ਪ੍ਰਸ਼ਨ ਕਿਸੇ ਐਸੀ ਰਚਨਾ ਬਾਰੇ ਉਠਾ ਸਕਦੇ ਹਾਂ ਜੋ ਸਾਹਿੱਤਕ ਸਮਾਲੋਚਨਾ ਦੀ ਹੈਸੀਅਤ ਵਿੱਚ ਅਸਾਡੇ ਸਨਮੁਖ ਆਈ ਹੋਵੇ – ਕੀ ਇਸ ਰਚਨਾ ਦਾ ਮੰਤਵ ਇਹ ਹੈ ਕਿ ਉਹ ਅਵਬੋਧਨ ਨੂੰ ਸੰਪੰਨ ਕਰੇ ਅਤੇ ਅਸਾਡੀ ਆਨੰਦ-ਅਨੁਭੂਤੀ ਵਿੱਚ ਵਾਧਾ ਕਰੇ ? ਜੇ ਐਸਾ ਨਹੀਂ ਹੈ ਤਾਂ ਸੰਭਵ ਹੈ ਕਿ ਉਹ ਰਚਨਾ ਕੋਈ ਲਾਭਦਾਇਕ ਅਤੇ ਨਿਆਇਸੰਗਤ ਸਰਗਰਮੀ ਦੀ ਹੈਸੀਅਤ ਰਖਦੀ ਹੋਵੇ ਅਤੇ ਅਸੀਂ ਉਸਨੂੰ ਮਨੋਵਿਗਿਆਨ, ਸਮਾਜ-ਸ਼ਾਸਤ੍ਰ, ਤਰਕ-ਦਰਸ਼ਨ ਸ਼ਿਕ੍ਸ਼ਾ ਜਾਂ ਇਸ ਪ੍ਰਕਾਰ ਦੇ ਕਿਸੇ ਹੋਰ ਨਾਮ ਨਾਲ ਅਭਿਹਿਤ ਕਰ ਦੇਈਏ। ਐਸੀਆਂ ਰਚਨਾਵਾਂ ਬਾਰੇ ਕੋਈ ਫੈਸਲਾ ਕਲਾ ਦੇ ਮਰਮਗ ਪੰਡਿਤ ਹੀ ਕਰ ਸਕਦੇ ਹਨ ਕੇਵਲ ਵਿਦਵਾਨ ਹੀ ਨਹੀਂ ਕਰ ਸਕਦੇ। ਅਸਾਨੂੰ ਜੀਵਨੀ ਅਤੇ ਸਮਾਲੋਚਨਾ ਵਿਚਕਾਰ ਭੀ ਅੰਤਰ ਕਰਨਾ ਚਾਹੀਦਾ ਹੈ। ਆਮ ਤੌਰ ਤੇ ਜੀਵਨੀ ਵਿਆਖਿਆ ਦੇ ਸਿਲਸਿਲੇ

ਵਿੱਚ ਇੱਕ ਲਾਭਪ੍ਰਦ ਚੀਜ਼ ਹੈ ਜਿਸ ਦੁਆਰਾ ਅਵਬੋਧ ਲਈ ਰਾਹ ਖੁਲ੍ਹ ਜਾਂਦਾ ਹੈ । ਪਰ ਇਹ ਭੀ ਹੋ ਸਕਦਾ ਹੈ ਕਿ ਜੀਵਨੀ ਅਸਾਡਾ ਧਿਆਨ ਕਵਿਤਾ ਵੱਲੋਂ ਹਟਾਕੇ ਕਵੀ ਵੱਲ ਆਕਰਸ਼ਿਤ ਕਰ ਦੇਵੇ । ਅਸਾਨੂੰ ਚਾਹੀਦਾ ਹੈ ਕਿ ਐਸੀ ਅਵਸਥਾ ਵਿੱਚ ਅਸੀਂ ਕਵੀ ਦੇ ਜੀਵਨ-ਕਾਲ, ਉਸ ਦੇ ਜ਼ਮਾਨੇ ਦੀਆਂ ਸਾਮਾਜਿਕ ਪਰਿਸਥਿਤੀਆਂ ਅਤੇ ਉਹ ਪ੍ਰਚਲਿਤ ਵਿਚਾਰ-ਮਾਨਤਾਵਾਂ ਜੋ ਉਸ ਦੀ ਰਚਨਾ ਵਿੱਚ ਪ੍ਰਤਿਪਾਦਿਤ ਹਨ ਅਤੇ ਉਸ ਦੇ ਜ਼ਮਾਨੇ ਵਿੱਚ ਉਥੋਂ ਦੀ ਅਵਸਥਾ ਨੂੰ ਕਵਿਤਾ ਦੇ ਅਵਬੋਧਨ ਨਾਲ ਖਲਤ-ਮਲਤ ਨਾ ਕਰ ਦੇਈਏ । ਐਸਾ ਗਿਆਨ ਸੰਭਵ ਹੈ ਕਵਿਤਾ ਦੇ ਅਵਬੋਧਨ ਦੇ ਸੰਬੰਧ ਵਿੱਚ ਮਹਤ੍ਵ ਰਖਦਾ ਹੋਵੇ । ਇਸ ਤੋਂ ਛੁਟ ਇਹ ਭੀ ਗੱਲ ਹੈ ਕਿ ਉਸ ਦੀ ਆਪਣੇ ਸਥਾਨ ਤੇ ਉਹੀ ਮਹੱਤਾ ਹੈ ਜੋ ਇਤਿਹਾਸ ਦੀ ਹੁੰਦੀ ਹੈ । ਪਰ ਕਵਿਤਾ ਦੀ ਪ੍ਰਸ਼ੰਸਾ ਦੇ ਲਈ ਇਹ ਚੀਜ਼ਾਂ ਅਸਾਨੂੰ ਦੂਰ ਤਕ ਤਾਂ ਲੈ ਜਾ ਸਕਦੀਆਂ ਹਨ । ਇਸ ਦੇ ਪਸ਼ਚਾਤ ਅਸਾਨੂੰ ਆਪਣਾ ਮਾਰਗ ਆਪ ਹੀ ਲਭਣਾ ਪੈਂਦਾ ਹੈ ਕਿਉਂਕਿ ਗਿਆਨ ਅਤੇ ਜਾਣਕਾਰੀ ਦੀ ਪ੍ਰਾਪਤੀ ਦਾ ਮੰਤਵ ਬੁਨਿਆਦੀ ਤੌਰ ਤੇ ਇਹ ਨਹੀਂ ਹੈ ਕਿ ਅਸੀਂ ਆਪਣੇ ਆਪ ਨੂੰ ਕਿਸੇ ਦੂਰਵਰਤੀ ਜ਼ਮਾਨੇ ਵਿਚ ਮਹਸੂਸ ਕਰਨ ਲਗ ਜਾਈਏ ਤਾਕਿ ਜਦ ਅਸੀਂ ਉਸ ਜ਼ਮਾਨੇ ਦੀ ਕਵਿਤਾ ਦਾ ਅਧਿਐਨ ਕਰੀਏ ਤਾਂ ਉਸੇ ਤਰ੍ਹਾਂ ਸੋਚ ਸਕੀਏ ਅਤੇ ਉਸੇ ਤਰ੍ਹਾਂ ਮਹਸੂਸ ਕਰ ਸਕੀਏ ਜਿਸ ਤਰ੍ਹਾਂ ਉਸ ਕਵੀ ਦੇ ਸਮਕਾਲੀਆਂ ਨੇ ਸੋਚਿਆ ਅਤੇ ਮਹਸੂਸਿਆ ਸੀ । ਨਿਰਸੰਦੇਹ ਇਸ ਤਜਰਬੇ ਦੀ ਆਪਣੇ ਆਪ ਵਿੱਚ ਵਿਸ਼ੇਸ਼ਤਾ ਹੈ । ਇਸ ਪ੍ਰਕਾਰ ਅਸੀਂ ਆਪਣੇ ਆਪ ਨੂੰ ਆਪਣੇ ਜ਼ਮਾਨੇ ਦੀ ਕੈਦ ਤੋਂ ਆਜ਼ਾਦ ਕਰ ਲੈਂਦੇ ਹਾਂ ਤਾਕਿ ਅਸੀਂ ਸਿੱਧੇ ਤੌਰ ਤੇ ਅਨੁਭਵ ਪ੍ਰਾਪਤ ਕਰ ਸਕੀਏ ਅਤੇ ਉਸ ਕਵਿਤਾ ਨਾਲ ਤਾਤਕਾਲਿਕ ਸੰਬੰਧ-ਸੰਪਰਕ ਸਥਾਪਿਤ ਕਰ ਸਕੀਏ । ਇਸ ਗੱਲ ਨੂੰ ਇਸ ਤਰ੍ਹਾਂ ਸਪਸ਼ਟਤਾ-ਪੂਰਵਕ ਕਹਿਆ ਜਾ ਸਕਦਾ ਹੈ ਕਿ ਜੋ ਗੱਲ ਸੈਫੋ ਰਚਿਤ Odes ਪੜ੍ਹਨ ਲਈ ਮਹਤ੍ਵ ਰਖਦੀ ਹੈ ਉਹ ਇਹ ਨਹੀਂ ਕਿ ਅਸੀਂ ਕਲਪਨਾ-ਵਿਲਾਸ ਦੁਆਰਾ ਆਪਣੇ ਆਪ ਨੂੰ ਪੰਜ ਹਜ਼ਾਰ ਸਾਲ ਪਹਲਾਂ ਦੇ ਯੂਨਾਨ ਵਿੱਚ ਲੈ ਜਾਈਏ । ਸਗੋਂ ਵਾਸਤਵ ਵਿੱਚ ਮਹੱਤਾ ਉਸ ਅਨੁਭਵ ਦੀ ਹੈ ਜੋ ਵਿਭਿੰਨ ਭਾਸ਼ਾਵਾਂ ਅਤੇ ਜ਼ਮਾਨਿਆਂ ਦੇ ਉਸ ਸਮਸਤ ਮਾਨਵ-ਮਾਤ੍ਰ ਦੇ ਲਈ ਸਮਾਨ ਹੈ ਜਿਨ੍ਹਾਂ ਵਿੱਚ ਕਵਿਤਾ ਚੋਂ ਅਨੁਭਵ-ਆਨੰਦ ਪ੍ਰਾਪਤ ਕਰਨ ਦੀ ਯੋਗਤਾ ਮੌਜੂਦ ਹੈ-ਉਹ ਸ਼ੁਅਲਾ ਜੋ ਦੋ ਹਜ਼ਾਰ ਪੰਜ ਸੌ ਸਾਲ ਨੂੰ ਤੁਰੰਤ ਪਾਰ ਕਰ ਸਕਦਾ ਹੈ । ਇਸ਼ ਲਈ ਉਹ ਸਮਾਲੋਚਕ ਜਿਜ ਦਾ ਮੈਂ ਅਤਿ ਰਿਣੀ ਹਾਂ ਉਹ ਹੈ ਜੋ ਮੈਨੂੰ ਕਵਿਤਾ ਵਿੱਚ ਐਸੀ ਚੀਜ਼ ਦਰਸਾਵੇ ਜੋ ਇਸ ਤੋਂ ਪਹਲਾਂ ਮੈਂ ਕਦੀ ਨਹੀਂ ਦੇਖੀ ਸੀ ਜਾਂ ਜੇ ਦੇਖੀ ਸੀ

ਦੀ ਅੱਖ ਨਾਲ ਦੇਖੀ ਸੀ, ਉਹ ਉਸ ਤੱਤ੍ਵ ਨਾਲ ਮੇਰਾ ਸਾਕ੍ਸ਼ਾਤ ਕਰਾ ਦੇਵੇ ਅਤੇ ਉਸ ਦੇ ਪਸ਼ਚਾਤ ਮੈਨੂੰ ਇਕੱਲਾ ਛੱਡ ਦੇਵੇ, ਇਸ ਲਈ ਕਿ ਇਸ ਤੋਂ

ਅੱਗੇ ਮੈਨੂੰ ਆਪਣੀ ਪ੍ਰਗਿਆ, ਚੇਤਨਾ, ਅਭਿਗਿਅਤਾ, ਸੰਵੇਦਨ-ਸ਼ੀਲਤਾ ਅਤੇ ਯੋਗਤਾ ਉਪਰ ਭਰੋਸਾ ਕਰਨਾ ਚਾਹੀਦਾ ਹੈ।

ਜੇ ਸਾਹਿਤਕ ਸਮਾਲੋਚਨਾ ਵਿੱਚ ਅਸੀਂ ਸਾਰਾ ਜ਼ੋਰ ਅਵਬੋਧਨ ਉਪਰ ਹੀ ਲਗਾ ਦੇਈਏ ਤਾਂ ਇਸ ਵਿੱਚ ਇਹ ਖਤਰਾ ਹੈ ਕਿ ਅਸੀਂ ਕਿਸੇ ਅਵਬੋਧਨ ਤੋਂ ਫੇਰ ਵਿਆਖਿਆ ਵੱਲ ਨਾ ਚਲੇ ਜਾਈਏ। ਇਸ ਵਿੱਚ ਇਹ ਖਤਰਾ ਭੀ ਹੈ ਕਿ ਸਮਾਲੋਚਨਾ ਨੂੰ ਕਿਤੇ ਇਸ ਤਰ੍ਹਾਂ ਨਾ ਇਸਤੇਮਾਲ ਕਰਨ ਲਗ ਜਾਈਏ ਜਿਵੇਂ ਉਹ ਕੋਈ ਵਿਗਿਆਨ-ਵਿਧਾਨ ਹੋਵੇ । ਸਮਾਲੋਚਨਾ ਨਾ ਤਾਂ ਵਿਗਿਆਨ ਹੈ ਅਤੇ ਨਾ ਹੀ ਵਿਗਿਆਨ ਬਣ ਸਕਦੀ ਹੈ। । ਇਸ ਦੇ ਵਿਪਰੀਤ ਜੇ ਅਸੀਂ ਆਨੰਦ-ਪ੍ਰਾਪਤੀ ਉਪਰ ਜ਼ੋਰ ਦੇਈਏ ਤਾਂ ਅਸੀਂ ਆਂਤਰਿਕ ਅਤੇ ਪ੍ਰਭਾਵ-ਵਾਦੀ ਸਮਾਲੋਚਨਾ ਵੱਲ ਚਲੇ ਜਾਵਾਂਗੇ, ਅਤੇ ਇਸ ਤਰ੍ਹਾਂ ਅਸੀਂ ਆਨੰਦ-ਪ੍ਰਾਪਤੀ ਤੋਂ ਭੀ ਕੁਛ ਬਹੁਤ ਜ਼ਿਆਦਾ ਲਾਭ ਨਹੀਂ ਲੈ ਸਕਾਂਗੇ, ਅਤੇ ਅਸਾਡੀ ਇਹ ਆਨੰਦ-ਪ੍ਰਾਪਤੀ ਸਿਰਫ਼ ਮਨੋਰੰਜਨ ਅਤੇ ਵਕਤ-ਗੁਜ਼ਾਰੀ ਬਣ ਕੇ ਰਹ ਜਾਵੇਗੀ। ੩੩ ਸਾਲ ਪਹਲਾਂ ਸਮਾਲੋਚਨਾ ਨੇ ਪ੍ਰਭਾਵ-ਵਾਦੀ ਸਮਾਲੋਚਨਾ ਦਾ ਰੂਪ ਧਾਰਣ ਕੀਤਾ ਸੀ; ਅਤੇ ਇਸੇ ਤੋਂ ਚਿੜ੍ਹ ਕੇ ਮੈਂ "Function of Criticism" ਦੇ ਸ਼ੀਰਸ਼ਕ ਹੇਠ ਇਕ ਨਿਬੰਧ ਲਿਖਿਆ ਸੀ। ਹੁਣ ਮੈਨੂੰ ਇਉਂ ਮਹਸੂਸ ਹੁੰਦਾ ਹੈ ਕਿ ਅੱਜ ਅਸਾਂਨੂੰ ਵਿਆਖਿਆਤਮਕ ਸਮਾਲੋਚਨਾ ਵੱਲੋਂ ਸਤਰਕ ਰਹਣ ਦੀ ਲੋੜ ਹੈ। ਪਰ ਇਹ ਗਲ ਕਹਕੇ ਮੈਂ ਆਪ ਉਪਰ ਇਹ ਪ੍ਰਭਾਵ ਨਹੀਂ ਛਡਣਾ ਚਾਹੁੰਦਾ ਕਿ ਮੈਂ ਆਪਣੇ ਜ਼ਮਾਨੇ ਦੀ ਸਮਾਲੋਚਨਾ ਨੂੰ ਰੱਦ ਕਰਨਾ ਚਾਹੁੰਦਾ ਹਾਂ। ਇਹ ਅੰਤਿਮ ਤੀਹ ਸਾਲ ਬਰਤਾਨੀਆਂ ਅਤੇ ਅਮਰੀਕਾ ਦੁਹਾਂ ਦੇਸ਼ਾਂ ਵਿੱਚ ਸਾਹਿੱਤਕ ਸਮਾਲੋਚਨਾ ਦੇ ਬੜੇ ਸ਼ਾਨਦਾਰ ਸਾਲ ਹਨ। ਸੰਭਵ ਹੈ ਕਿ ਅਨਾਗਤ ਵਿੱਚ ਇਹ ਹੋਰ ਜ਼ਿਆਦਾ ਸ਼ਾਨਦਾਰ ਅਤੇ ਚੰਗੇਰੇ ਪ੍ਰਤੀਤ ਹੋਣ। ਪਰ ਇਸ ਗੱਲ ਨੂੰ ਕੌਣ ਜਾਣਦਾ ਹੈ ?

—o—


# ਆਲੋਚਨਾ

ਦੇ ਆਪ ਗਾਹਕ ਬਣੋ

ਤੇ

ਹੋਰਨਾਂ ਨੂੰ ਬਣਨ ਲਈ ਪਰੇਰੋ।

# ਪੰਜਾਬੀ, ਉਪ-ਭਾਖਾਵਾਂ, ਲਿਪੀ :

## ਉਨ੍ਹਾਂ ਦਾ ਨਿਕਾਸ ਤੇ ਵਿਕਾਸ

ਕਿਸੇ ਭੀ ਜਾਤੀ, ਰਾਸ਼ਟਰ, ਦੇਸ਼ ਜਾਂ ਕੌਮ ਦੀ ਉੱਨਤੀ ਨੂੰ ਪਰਖਣ ਦੀ ਕਸਵੱਟੀ ਉਸਦੀ ਬੋਲੀ ਹੀ ਹੈ। ਰਾਸ਼ਟ੍ਰ ਜਾਂ ਜਾਤੀ ਦੀ ਉੱਨਤੀ ਉਸ ਦਾ ਸਾਹਿੱਤ ਹੀ ਕਰ ਸਕਦਾ ਹੈ। ਪ੍ਰਸ਼ਨ ਇਹ ਉਠਦਾ ਹੈ ਕਿ ਰਾਸ਼ਟਰ, ਕੌਮ, ਦੇਸ਼ ਜਾਂ ਜਾਤੀ ਵਿੱਚ ਕੀ ਫਰਕ ਹੈ। ਜੇਕਰ ਮੋਟੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਭਾਰਤ ਇਕ ਰਾਸ਼ਟਰ ਹੈ, ਭਾਰਤਵਾਸੀ ਇਕ ਕੌਮ ਦੇ ਹਨ, ਇਕ ਦੇਸ਼ ਦੇ ਹਨ, ਅਤੇ ਇਕ ਵਿਸ਼ੇਸ਼ ਜਾਤੀ ਦੇ, ਜਿਸ ਜਾਤੀ ਨੂੰ ਭਾਰਤੀ ਦੇ ਨਾਮ ਨਾਲ ਸਦਿਆ ਜਾਂਦਾ ਹੈ। 'ਮਾਰਕਸ - ਰੂਸ ਦੇ ਨੇਤਾ ਸਟਾਲਿਨ ਨੇ ਲਿਖਿਆ ਸੀ — 'ਰਾਸ਼ਟਰ ਇਤਿਹਾਸਕ ਤੌਰ ਤੇ ਇਕ ਸੂਤਰ ਵਿੱਚ ਬੰਨ੍ਹਿਆ ਹੋਇਆ ਉਹ ਕਬੀਲਾ ਜਾਂ ਜਾਤੀ ਹੈ, ਜੋ ਭੂਗੋਲਿਕ ਅਤੇ ਆਰਥਿਕ ਦ੍ਰਿਸ਼ਟੀ ਨਾਲ ਇੱਕ ਇਕਾਈ ਵਾਲੇ ਪ੍ਰਦੇਸ਼ ਵਿੱਚ ਵਸਦੀ ਹੋਵੇ ਅਤੇ ਜਿਸਦੀ ਰਲਵੀਂ ਮਿਲਵੀਂ ਇੱਕ ਗੁੱਟ ਸੰਸਕ੍ਰਿਤੀ, ਸਭਿਅਤਾ ਅਤੇ ਸਭਿਆਚਾਰ ਹੋਣ, ਉਹ ਉਸ ਦੀ 'ਅੰਤਰ ਪ੍ਰਦੇਸ਼ੀ' (Inter-regional) ਬੋਲੀ ਵਿਚੋਂ ਸਪਸ਼ਟ ਦਿਸਣ ਲਗ ਪੈਂਦੇ ਹਨ; ਜੇਕਰ ਅਧਿਐਨ ਕੀਤਾ ਜਾਵੇ ਤਾਂ ਅਸੀਂ ਇਸ ਸਿੱਟੇ ਤੇ ਪੁਜਾਂਗੇ ਕਿ ਕਿਸੇ ਵੀ ਦੇਸ਼ ਦੀ ਬੋਲੀ ਅਸਲ ਵਿੱਚ ਉਸ ਦੀ ਸਭਿਅਤਾ, ਸੰਸਕ੍ਰਿਤੀ ਅਤੇ ਪ੍ਰਾਚੀਨ ਮਾਨ ਪ੍ਰਤਿਸ਼ਠਾ ਦੀ ਸੂਚਕ ਹੁੰਦੀ ਹੈ।

ਮਨੁੱਖ ਦੇ ਮਨੋ-ਭਾਵਾਂ ਨੂੰ ਉਸ ਦੀ ਬੋਲੀ ਸ਼ਬਦ ਸੁਰ ਅਤੇ ਉਸ ਨੂੰ ਵਿਚਾਰ ਪ੍ਰਗਟ ਕਰਨ ਦੀ ਸ਼ਕਤੀ ਦਿੰਦੀ ਹੈ। ਜਿਸ ਕਰਕੇ ਉਸ ਦੇ ਚਾਰ ਚੁਫੇਰੇ ਇੱਕ ਇਹੋ ਜਿਹਾ ਵਾਤਾਵਰਣ ਬਣ ਜਾਂਦਾ ਹੈ ਕਿ ਜਿਸ ਵਿੱਚ ਇੱਕ ਵਿਸ਼ੇਸ਼ ਖਿਚਾਉ ਜਿਹਾ ਹੁੰਦਾ ਹੈ। ਉਹ ਵਾਤਾਵਰਣ ਉਸਦੇ 'ਲੋਕ' ਦਾ ਸੂਚਕ ਹੁੰਦਾ ਹੈ ਜਿਹੜਾ ਉਸ ਦਾ ਸਹਾਇਕ ਬਣ ਉਸ ਵਿੱਚ ਜੀਵਨ ਸਿੰਜ ਕੇ ਉਸ ਨੂੰ ਉਠਾਉਣ ਦਾ ਬਲ ਦਿੰਦਾ ਹੈ, ਵਧਣ ਫੁਲਣ ਵਿੱਚ ਮਦਦ ਦਿੰਦਾ ਹੈ ਅਤੇ ਸਭਿਅਤਾ ਹੋਰ ਸੰਸਕ੍ਰਿਤੀ ਦਾ ਇੱਕ ਨਵਾਂ

ਅਧਿਆਏ ਜੋੜਨ ਵਿੱਚ ਸਹਾਇਕ ਬਣ ਜਾਂਦਾ ਹੈ।

ਜਿਸ ਮਨੁੱਖ ਨੂੰ ਭਾਸ਼ਾ ਦੀ ਜਾਂ ਬੋਲੀ ਦੀ ਦਾਤ ਪ੍ਰਕ੍ਰਿਤੀ ਨੇ ਨਹੀਂ ਦਿੱਤੀ ਹੈ, ਉਸ ਦਾ ਵਿਚਾਰ ਜਾਂ ਭਾਵ ਪ੍ਰਗਟਾਉਣ ਦੀ ਘਾਟ ਹੋਣ ਕਰਕੇ ਅਸੀਂ ਕਿਸੇ ਤਰ੍ਹਾਂ ਦੇ ਭੀ ਵਿਚਾਰ ਉਸ ਮਨੁੱਖ ਦੇ ਲਈ ਨਹੀਂ ਬਣਾ ਸਕਦੇ। ਵਿਚਾਰਾਂ ਦੇ ਨਾ ਬਣਨ ਕਰਕ ਉਹ ਮਨੁੱਖ ਸਮਾਜ ਤੋਂ ਦੂਰ ਹੁੰਦਾ ਹੈ ਅਤੇ ਅਸਾਮਾਜਿਕ ਜੀਵ ਬਣਕੇ ਦੁਨੀਆਂ ਦੀ ਕਿਰਪਾ ਦ੍ਰਿਸ਼ਟੀ ਦਾ ਪਾਤਰ ਬਣ ਜਾਂਦਾ ਹੈ। ਜੇਕਰ ਉਸੇ ਮਨੁੱਖ ਨੂੰ ਭਾਸ਼ਾ ਅਤੇ ਬੋਲੀ ਮਿਲ ਜਾਵੇ ਤਾਂ ਉਹ ਅਪਣੇ ਵਿਚਾਰਾਂ ਦੀ ਸ਼ਕਤੀ ਪਾਕੇ ਆਪਣੀ ਸਭਿਅਤਾ, ਸੰਸਕ੍ਰਿਤੀ ਅਤੇ ਆਚਾਰ ਵਿਚਾਰਾਂ ਦਾ ਪ੍ਰਦਰਸ਼ਨ ਕਰਕੇ ਸਮਾਜ ਦਾ ਯੋਗ ਮਨੁੱਖ ਬਣ ਜਾਂਦਾ ਹੈ ਤੇ ਇਕ ਸ਼ਾਮਾਜਿਕ ਪ੍ਰਾਣੀ ਬਣਾ ਕੇ ਇਕ ਉਚਿਤ ਆਦਰ ਪਾ ਲੈਂਦਾ ਹੈ।

ਜਿਹੜਾ ਰਾਸ਼ਟ੍ਰ ਅਜ ਉੱਨਤ ਅਤੇ ਆਪਣੀ ਮਾਨ ਪ੍ਰਤਿਸ਼ਠਾ ਦਾ ਸੂਚਕ ਹੈ ਉਸ ਦੀ ਉੱਨਤੀ ਅਤੇ ਅਣ ਦਾ ਮੂਲ-ਕਾਰਣ ਅਤੇ ਅੰਤਰ ਭੇਦ ਇਹੋ ਹੀ ਹੈ ਕਿ ਉਹਨਾਂ ਨੇ ਚੰਗੇ ਤੋਂ ਚੰਗੇ ਇਹੋ ਜਿਹੇ ਲੋਕਾਂ ਨੂੰ ਜਨਮ ਦਿੱਤਾ ਹੈ, ਜਿੰਨ੍ਹਾਂ ਨੇ ਆਪਣੀ ਬੋਲੀ ਦੁਆਰਾ ਬੋਲ ਕੇ ਜਾਂ ਭਾਸ਼ਾ ਦੁਆਰਾ ਸਾਹਿੱਤ ਰਚਨਾ ਕਰ ਕੇ ਅਪਣੇ ਆਪ ਦੀ ਹੀ ਮਾਨ ਪ੍ਰਤਿਸ਼ਠਾ ਨਹੀਂ ਵਧਾਈ, ਸਗੋਂ ਉਸ ਰਾਸ਼ਟਰ ਨੂੰ, ਦੇਸ਼ ਨੂੰ, ਜਾਤੀ ਨੂੰ, ਜਾਂ ਕੌਮ ਨੂੰ ਭੀ ਵਿਸ਼ਵ ਦੇ ਚੰਗੇਰੇ ਵਿਚਾਰਵਾਨਾਂ ਦੀ ਦ੍ਰਿਸ਼ਟੀ ਵਿਚ ਉੱਨਤ ਕੀਤਾ ਅਤੇ ਆਪਣੀ ਯੋਗਤਾ ਦਾ, ਸਭਿਅਤਾ ਦਾ, ਸੰਸਕ੍ਰਿਤੀ ਦਾ, ਸਾਹਿੱਤ ਦਾ, ਅਤੇ ਦਰਸ਼ਨ ਵਿਗਿਆਨ ਆਦਿ ਦਾਂ ਝੰਡਾ ਉੱਚਾ ਕਰਕੇ ਦੁਨੀਆਂ ਦੀਆਂ ਸਭ ਤੋਂ ਉੱਚੀਆਂ ਜਾਤੀਆਂ ਵਿਚ ਆਪਣਾ ਨਾਉਂ ਅੰਕਿਤ ਕਰਵਾਇਆ।

ਸਾਡੇ ਆਦਿ ਪੁਰਸ਼ ਜਦੋਂ ਪੰਜਾਬ ਦੇ ਉੱਤਰ ਵਲ ਦੀਆਂ ਉੱਚੀਆਂ ਉੱਚੀਆਂ ਪਹਾੜੀਆਂ ਨੂੰ ਘਰ ਕਰਕੇ ਖੁਲੇ ਮੈਦਾਨਾਂ ਵਿਚ ਆਏ ਤਾਂ ਉਹਨਾ ਨੂੰ ਉਚ ਲਕ ਮਿਲੇ, ਜਿੰਨ੍ਹਾਂ ਨੂੰ ਸਾਡੀਆਂ ਧਾਰਮਿਕ ਪੁਸਤਕਾਂ ਪਿਸ਼ਾਚ ਨਾਮ ਨਾਲ ਪੁਕਾਰਦੀਆਂ ਹਨ। ਆਰੀਆਂ ਨੇ ਉਨ੍ਹਾਂ ਪਿਸ਼ਾਚਾਂ ਨੂੰ ਆਪਣ ਸ਼ਕਤੀ ਬਲ ਨਾਲ ਵਧੇਰੇ ਕਾਲ ਤਕ ਇਥੇ ਨਹੀਂ ਰਹਿਣ ਦਿੱਤਾ, ਉਹਨਾਂ ਨੂੰ ਦੱਖਣ ਵਲ ਧੱਕ ਦਿੱਤਾ। ਕਿਉਂਕਿ ਆਰੀਆ ਨੂੰ ਪੰਜਾਬ ਦੀ ਭੂਮੀ ਵਿਚ ਆਕੇ ਵਧੇਰੀਆਂ ਘਾਲਣਾਂ ਘਾਲਣੀਆਂ ਪਈਆਂ ਇਸ ਕਰਕੇ ਉਹਨਾਂ ਦਾ ਸਹਿਜੇ ਹੀ ਸੁਚੱਜਾ ਪਿਆਰ ਇਸ ਭੂਮੀ ਨਾਲ ਹੋ ਗਇਆ ਅਤੇ ਉਹ ਵਧੇਰੇ ਕਾਲ ਤਕ ਇਥੇ ਹੀ ਵਸਦੇ ਰਹੇ ਤੇ ਅਗੇ ਨਹੀਂ ਵਧੇ ਸਨ। ਮਨੁੱਖ ਦਾ ਸੁਭਾਉ ਹੈ ਕਿ ਜਿਸ ਚੀਜ਼ ਨੂੰ ਉਹ ਵਿਸ਼ੇਸ਼ ਯਤਨਾਂ ਨਾਲ ਪ੍ਰਾਪਤ ਕਰਦਾ ਹੈ ਉਸ ਨਾਲ ਉਸ ਦਾ ਪਿਆਰ ਭੀ ਵਿਸ਼ੇਸ਼ ਹੋ ਜਾਂਦਾ ਹੈ। ਇਸੇ ਕਰਕੇ ਪੰਜਾਬੀ ਦੀ ਪ੍ਰਸੰਸਾ ਵਿੱਚ ਪਿਆਰ ਭਰੇ ਗੀਤ ਤੱਤਕਾਲ ਹੀ ਗਾਏ ਗਏ, ਜਿਹੜੇ ਰਿਗ ਵੇਦ ਵਿਚ ਕਿਤੇ ਕਿਤੇ ਪ੍ਰਾਪਤ ਹੁੰਦੇ ਹਨ।

ਵਿਦਵਾਨਾਂ ਦਾ ਮਤ ਹੈ ਕਿ ਜਦੋਂ ਮਨੁੱਖ ਨੂੰ ਪ੍ਰਗਟ ਕਰਨ ਲਈ ਭਾਵ ਅਤੇ ਵਿਚਾਰ ਮਿਲੇ ਤਾਂ ਉਸਦੇ ਬੋਲ ਆਪਣੇ ਆਪ ਪ੍ਰਗਟ ਹੋਏ ਅਤੇ ਅਤੇ ਜਦੋਂ ਬੋਲ਼ ਜਾਂ ਬਾਣੀ ਵਿਗਿਆਨਕ ਤੌਰ ਤੇ ਨਿਸ਼ਚਿਤ ਹੋ ਗਈ ਤਾਂ ਉਸ ਵਿੱਚ ਸਿਮਰਨ ਸ਼ਕਤੀ ਦੀ ਥੁੜ ਹੋਣ ਕਰਕੇ ਉਸ ਨੂੰ ਲਿਪੀ ਦੀ ਲੋੜ ਪਈ। ਮਨੁੱਖ ਦੀ ਮੁਢਲੀ ਲਿਪੀ ਚਿੱਤਰਾਂ ਨਾਲ ਭਰਪੂਰ ਸੀ। ਹੁਣ ਤੱਕ ਵੀ ਵਿਦਵਾਨ ਉਸ ਨੂੰ ਭਲੀ ਭਾਂਤ ਪੜ੍ਹ ਨਹੀਂ ਸਕੇ ਹਨ। ਪਰ ਵਿਦਵਾਨਾਂ ਦਾ ਅਨੁਮਾਨ ਹੈ ਕਿ ਧੁਨੀਆਂ ਦੇ ਅਨੁਸਾਰ ਹੀ ਸ਼ਬਦ ਹੋਂਦ ਵਿੱਚ ਆਏ, ਜਿਵੇਂ – ਉੱਲੂ ਬੋਲਣ ਦੇ ਲਈ ਉਨ੍ਹਾਂ ਨੂੰ 'ਊ' ਅਤੇ 'ਲ' ਦੀ ਲੋੜ ਸੀ। ਹੋ ਸਕਦਾ ਹੈ ਕਿ ਉਹਨਾਂ ਨੇ 'ਊ' ਦਾ ਰੂਪ ਉੱਲੂ ਪੰਛੀ ਵਾਂਗ ਹੀ ਬਨਾਉਣਾ ਯੋਗ ਸਮਝਿਆ। ਇਸੇ ਤਰ੍ਹਾਂ ਉਹਨਾਂ ਨੇ 'ਲ' ਨੂੰ ਬਨਾਉਣ ਲਈ ਲੂੰਬੜੀ ਦਾ ਰੂਪ ਦੇਖ ਕੇ ਉਹਦੇ ਵਾਂਗ ਹੀ ਬਣਾ ਦਿਤਾ ਕਿਉਂਕਿ ਉਹ ਟੰਗਾਂ ਵਾਲਾ ਜਨੌਰ ਸੀ, ਇਸੇ ਕਰਕੇ 'ਲ' ਦੀਆਂ ਵੀ ਲੱਤਾਂ ਹਨ। ਸੁਰਾਂ ਜਾਂ ਵਿਅੰਜਨਾਂ ਨੂੰ ਭੀ ਇਸੇ ਪ੍ਰਕਾਰ ਜਾਂ ਤਾਂ ਕਿਸੇ ਵਿਸ਼ੇਸ਼ ਨਾਂ ਨਾਲ ਜਾਂ ਵਿਚਾਰ ਨਾਲ ਬਣਾਇਆ ਜਾਪਦਾ ਹੈ। ਧੁਨੀਆਂ ਦੇ ਭਿੰਨ ਭਿੰਨ ਸਰੂਪਾਂ ਦੇ ਚਿੱਤਰ-ਚਿੰਨ੍ਹ ਤਾਂ ਵਧੇਰਾ ਸਮਾਂ ਪਾਕੇ ਹੀ ਬਣੇ ਹੋਵਣਗੇ ਇਹ ਇੱਕ ਨਿਸਚੈ ਗਲ ਜਾਪਦੀ ਹੈ।

ਜਦੋਂ ਧੁਨੀਆਂ ਹੋਂਦ ਵਿੱਚ ਆ ਗਈਆਂ ਤਦ ਮਨੁੱਖ ਰੁੱਖਾਂ ਦੇ ਤਣਿਆਂ ਉੱਤੇ, ਉਨ੍ਹਾਂ ਦੀਆਂ ਛਿੱਲਾਂ ਉੱਤੇ, ਪਸ਼ੂਆਂ ਦੀਆਂ ਚਮੜੀਆਂ ਉੱਤੇ, ਤਾਂਬੇ ਦੇ ਪੱਤਰਿਆਂ ਉਤੇ, ਪੱਥਰਾਂ ਉਤੇ ਜਾਂ ਭੋਜ ਪੱਤਰਾਂ ਉਤੇ ਲਿਖਣ ਲਗ ਪਇਆ। ਭੋਜ ਪੱਤਰਾਂ ਉਤੇ ਲਿਖਣ ਦਾ ਵਿਗਿਆਨਕ ਤਰੀਕਾ – ਉਹਨਾਂ ਉਤੇ ਤੇਲ ਲਾਕੇ ਚੰਗੀ ਤਰ੍ਹਾਂ ਘੋਟਣ ਪਿਛੋਂ ਚਿਕਨਾ ਬਣਾ ਕੇ ਲਿਖਣਾ – ਤਾਂ ਸ਼ਾਇਦ ਮਨੁੱਖ ਨੇ ਕਈ ਸਦੀਆਂ ਪਿਛੋਂ ਚਾਲੂ ਕੀਤਾ ਹੋਵੇਗਾ। ਅਜ ਭੀ ਸਾਨੂੰ ਅਨੇਕਾਂ ਸ਼ਿਲਾ ਲੇਖ, ਤਾਂਬੇ ਦੇ ਪੱਤਰ, ਭੋਜ ਪੱਤਰ ਅਤੇ ਪੱਥਰ ਦੇ ਥੰਮ੍ਹਾਂ ਉਤੇ ਪੁਰਾਤਨ ਕਾਲ ਦੀਆਂ ਲਿਪੀਆਂ ਮਿਲਦੀਆਂ ਹਨ, ਜਿਨ੍ਹਾਂ ਨੂੰ ਚੰਗੀ ਤਰ੍ਹਾਂ ਵਿਦਵਾਨ ਲੋਕ ਪੜ੍ਹ ਨਹੀਂ ਸਕੇ ਹਨ, ਪੁਰਾਤਨ ਭਾਸ਼ਾ ਦੇ ਨਮੂਨੇ ਵਧੇਰੇ ਕਰਕੇ 'ਭੱਟਾਕਸ਼ਰੀ', ਬ੍ਰਾਹਮੀ, ਅਤੇ ਸੰਸਕ੍ਰਿਤ ਵਿੱਚ ਹੀ ਪ੍ਰਾਪਤ ਹੁੰਦੇ ਹਨ। ਪੰਜਾਬੀ ਦਾ ਨਿਕਾਸ ਵੈਦਿਕ ਸੰਸਕ੍ਰਿਤ ਤੋਂ ਹੀ ਮੰਨਿਆ ਜਾਂਦਾ ਹੈ, ਜਿਹੜੀ ਕਿ ਰਿਗਵੇਦ ਦੀ ਭਾਸ਼ਾ ਸੀ ਅਤੇ ਵਿਸ਼ਵ ਦੀ ਮੁੱਢਲੀ ਭਾਸ਼ਾ ਵੀ ਮੰਨੀ ਜ਼ਾਂਦੀ ਹੈ।

ਕਹਿਆ ਜਾਂਦਾ ਹੈ ਕਿ ਬੋਲੀ ਬਾਰਾਂ ਕੋਹਾਂ ਤੇ ਬਦਲਦੀ ਹੈ। ਇਹੋ ਕਹਾਵਤ ਪੰਜਾਬੀ ਲਈ ਭੀ ਪੂਰੀ ਤਰ੍ਹਾਂ ਢੁੱਕਦੀ ਹੈ। ਦੂਜੀਆਂ ਬੋਲੀਆਂ ਦੇ ਸਮਾਨ ਹੀ ਪੰਜਾਬ ਦੀ ਬੋਲੀ ਵਿੱਚ ਭੀ ਥੋੜੀ ਥੋੜੀ ਵਾਟ ਤੇ ਕੁਝ ਨਾ ਕੁਝ ਫਰਕ ਹੋ ਜਾਂਦਾ ਹੈ। ਅੰਬਾਲਾ ਦੇ ਲਾਗੇ ਚਾਗੇ ਜਿਹੜੀ ਬੋਲੀ ਵਰਤੋਂ ਵਿੱਚ ਆਉਂਦੀ ਹੈ, ਉਹ ਲੁਧਿਆਣਾ ਤੋਂ ਵਖਰੀ ਹੈ, ਵੱਚ ਜਿਸ ਬੋਲੀ ਦੀ ਵਰਤੋਂ ਹੁੰਦੀ ਹੈ ਉਹ

ਪਟਿਆਲਾ ਵਿੱਚ ਨਹੀਂ, ਪਟਿਆਲਾ ਜਾਂ ਲੁਧਿਆਣਾ ਵਿੱਚ ਜਿਹੜੀ ਬੋਲੀ ਬੋਲੀ ਜਾਂਦੀ ਹੈ ਉਸ ਦੀ ਵਰਤੋਂ ਅੰਮ੍ਰਿਤਸਰ ਵਿੱਚ ਨਹੀਂ ਹੁੰਦੀ, ਇਸੇ ਤਰ੍ਹਾਂ ਹੁਸ਼ਿਆਰ ਪੁਰ, ਫਿਰੋਜ਼ਪੁਰ, ਬਟਾਲਾ, ਪਠਾਨਕੋਟ, ਲਾਇਲਪੁਰ ਅਤੇ ਦੂਜੇ ਹਿਸਿਆਂ ਦੀ ਬੋਲੀ ਵਿੱਚ ਭੀ ਕੁਝ ਨਾ ਕੁਝ ਫਰਕ ਹੋ ਜਾਂਦਾ ਹੈ।

ਪੰਜਾਬ ਦੇ ਖੇਤਰ ਦੇ ਸੰਬੰਧ ਵਿਚ ਅਸੀਂ ਲਿਖ ਚੁਕੇ ਹਾਂ। ਇਥੇ ਉਸ ਸਬੰਧ ਵਿਚ ਦੁਬਾਰਾ ਲਿਖਣਾ ਉਚਿਤ ਨਹੀਂ ਜਾਪਦਾ। ਕੇਂਦਰੀ ਪੰਜਾਬੀ ਅੰਮ੍ਰਿਤਸਰ ਦੇ ਆਲੇ ਦੁਆਲੇ ਬੋਲੀ ਜਾਂਦੀ ਹੈ। ਬਾਕੀ ਹਿੱਸਿਆਂ ਦੀ ਪੰਜਾਬੀ ਇਕ ਦੂਜੇ ਇਲਾਕੇ ਨਾਲ ਕਾਫ਼ੀ ਫਰਕ ਰਖਦੀ ਹੈ। ਪੰਜਾਬ ਦੀ ਰਾਜਨੀਤਕ ਹੱਦ ਭਾਵੇਂ ਦਿੱਲੀ ਦੇ ਨੇੜੇ ਤੇੜੇ ਜਾ ਢੁਕਦੀ ਹੈ, ਪਰ ਸਰਹਿੰਦ ਤੋਂ ਦਿੱਲੀ ਤੀਕ ਛੋਟੇ ਜਿਹੇ ਪੁਆਧ ਦੇ ਇਲਾਕੇ ਨੂੰ ਛਡ ਕੇ ਬਾਕੀ ਪ੍ਰਦੇਸ਼ ਹਰਿਆਨਾ ਕਹਾਉਂਦਾ ਹੈ, ਜਿਥੇ ਦੀ ਬੋਲੀ ਬਾਂਗਰੂ, ਬਾਂਗਰੀ, ਜਾਂ ਹਰਿਆਨਵੀ ਕਹਾਉਂਦੀ ਹੈ। ਉਂਜ ਤਾਂ ਰਾਠੀ, ਭਟਿਆਣੀ, ਅਤੇ ਪੁਆਧੀ ਬੋਲੀਆਂ ਵੀ ਇਸ ਪ੍ਰਾਂਤ ਵਿਚ ਬੋਲੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਸ਼ਿਮਲਾ ਦੇ ਲਾਗੇ ਚਾਗੇ ਦਾ ਪ੍ਰਦੇਸ਼ ਭੀ ਪੰਜਾਬ ਨਾਲ ਮਿਲਿਆ ਹੋਇਆ ਹੈ, ਜਿਥੇ ਕਹਿਲੂਰੀ, ਬਿਲਾਸ ਪੁਰੀ ਇਤਿਆਦਿ ਬੋਲੀਆਂ ਦੀ ਵਰਤੋਂ ਹੁੰਦੀ ਹੈ। ਇਸੇਤਰ੍ਹਾਂ ਰਾਜਸਥਾਨ ਦਾ ਭੀ ਕੁਝ ਹਿੱਸਾ ਪੰਜਾਬ ਵਿੱਚ ਮਿਲਦਾ ਹੈ, ਜਿਥੇ ਰਾਜਸਥਾਨੀ ਭਾਸ਼ਾ ਦੀ ਹੀ ਉਪਬੋਲੀ, ਬੀਕਾਨੇਰੀ ਦੀ ਵਰਤੋਂ ਹੁੰਦੀ ਹੈ, ਜਿਸ ਵਿਚ ਪੰਜਾਬੀ ਦੇ ਕਈ ਸ਼ਬਦਾਂ ਨੇ ਆਪਣੀ ਥਾਂ ਬਣਾ ਲਈ ਹੈ।

ਦੂਜੀਆਂ ਬੋਲੀਆਂ ਜਾਂ ਭਾਸ਼ਾਵਾਂ ਦੇ ਸਮਾਨ ਪੰਜਾਬੀ ਭੀ ਸੰਸਕ੍ਰਿਤ ਦੇ ਬਹੁਤ ਨੇੜੇ ਦੀ ਭਾਸ਼ਾ ਹੈ। ਇਥੇ ਹੀ ਬਸ ਨਹੀਂ, ਸਗੋਂ ਅਸੀਂ ਇਹ ਭੀ ਕਹਿ ਸਕਦੇ ਹਾਂ ਕਿ ਪੰਜਾਬੀ ਦਾ ਹੀ ਮੁੱਢਲਾ ਰੂਪ ਵੇਦਾਂ ਵਿਚ ਹੈ। ਅਜ ਤੋਂ ਲਗ ਭਗ ਪੰਜ ਹਜ਼ਾਰ ਵਰ੍ਹੇ ਪਹਿਲਾਂ ਜਦੋਂ ਆਰੀਆ ਗਣ ਭਾਰਤ ਵਿੱਚ ਆਏ ਤਾਂ ਉਨ੍ਹਾਂ ਦਾ ਨਿਵਾਸ ਨਿਸਚੈ ਹੀ ਸਭ ਤੋਂ ਪਹਿਲਾਂ ਪੰਜਾਬ ਦੀ ਹੀ ਪਵਿਤ੍ਰ ਭੂਮੀ ਵਿੱਚ ਹੋਇਆ। ਵਿਦ-ਵਾਨਾਂ ਦਾ ਮੱਤ ਹੈ ਕਿ ਵਿਸ਼ਵ ਦਾ ਆਦਿ ਗ੍ਰੰਥ ਰਿਗਵੇਦ ਪੰਜਾਬ ਦੀ ਭੂਮੀ ਵਿੱਚ ਰਚਿਆ ਗਇਆ ਉਹਨਾਂ ਦਿਨਾਂ ਵਿਚ ਪੰਜਾਬ ਭਾਵੇਂ 'ਸਪਤ ਸਿੰਧੂ' ਨਾਂਮ ਨਾਲ ਯਾਦ ਕੀਤਾ ਜਾਂਦਾ ਸੀ, ਪਰ ਇਹ ਨਿਸਚੈ ਹੀ ਸਚ ਹੈ ਕਿ ਰਿਗਵੇਦ ਦੀ ਵਤਸਤਾ', ਵਿਪਾਸ਼ਾ, ਈਰਾਵਤੀ, ਅਸ਼ਵਿਨੀ ਅਤੇ ਸ਼ਤੱਦਰੂ ਨਾਮ ਦੀਆਂ ਕਲ ਕਲ ਦਾ ਨਾਦ ਕਰਦੀਆਂ ਹੋਈਆਂ ਕਲੋਲਿਨੀ ਨਦੀਆਂ ਇਸੇ ਭੂਮੀ ਉਤੇ ਸਨ, ਜਿੱਥੇ ਰਿਗਵੇਦ ਦੇ ਸੰਹਿਤਾਕਾਰ ਨੇ ਉਨ੍ਹਾਂ ਨੂੰ ਆਦਿ ਗ੍ਰੰਥ ਵਿਚ ਸੰਜੋਇਆ; ਰਿਗਵੇਦ ਦੇ ਕਾਲ ਦਾ ਲੋਕ ਕਿੰਨਾ ਮਹਾਨ ਸੀ, ਸੰਸਕ੍ਰਿਤੀਵਾਨ ਸੀ, ਕਲਾਮਈ ਸੀ ਕਿ ਉਸ ਦਾ ਸਾਹਿੱਤ ਅਜ ਭੀ ਅਜਰ ਅਮਰ ਹੈ ਅਤੇ ਵਿਸ਼ਵ ਵਿਚ ਆਪਣੀ ਪੁਰਾਤਨਤਾ ਦੀ

ਧਾਕ ਸਮਾਈ ਹੋਈ ਹੈ।

ਨਾ ਕੇਵਲ ਭਾਰਤੀ ਵਿਦਵਾਨ ਹੀ ਸਗੋਂ ਯੂਰਪੀ ਵਿਦਵਾਨ ਭੀ ਇਸ ਸਚਾਈ ਤੋਂ ਇਨਕਾਰ ਨਹੀਂ ਕਰ ਸਕਦੇ ਕਿ ਵਿਸ਼ਵ ਦੀ ਪ੍ਰਾਚੀਨਤਮ ਭਾਸ਼ਾ ਸੰਸਕ੍ਰਿਤ ਹੈ। ਇਥੇ ਹੀ ਬਸ ਨਹੀਂ, ਸਗੋਂ ਇੱਕ ਉਹ ਭੀ ਸਮਾ ਸੀ, ਜਦੋਂ ਸਾਰੀ ਦੁਨੀਆਂ ਦੀ ਭਾਸ਼ਾ ਹੀ ਸੰਸਕ੍ਰਿਤ ਸੀ।

'ਕਿਸੇ ਸਮੇਂ ਸੰਸਕ੍ਰਿਤ ਸੰਪੂਰਨ ਸੰਸਾਰ ਦੀ ਬੋਲ-ਚਾਲ ਦੀ ਭਾਸ਼ਾ ਸੀ।*

— ਮਿ: ਬਾਪ

'ਇਸਦੇ ਵਿੱਚ ਰਤਾ ਮਾਤਰ ਭੀ ਸ਼ੱਕ ਨਹੀਂ ਕਿ ਮਨੁੱਖ ਦੀ ਮੂਲ ਭਾਸ਼ਾ ਇਕ ਹੀ ਸੀ।

— ਮੈਕਸਮੂਲਰ

ਇਹ ਨਿਸਚੇ ਹੀ ਹੈ ਕਿ ਮਨੁੱਖ ਦੀ ਅਰਵਾਚੀਨ ਅਤੇ ਮੁੱਢਲੀ ਸੰਸਕ੍ਰਿਤੀ ਵੈਦਿਕ ਸੀ ਵੈਦਿਕ ਸੰਸਕ੍ਰਿਤੀ ਤੋਂ ਪਹਿਲਾਂ ਇਹੋ ਜਿਹੀ ਕੋਈ ਭੀ ਸੰਸਕ੍ਰਿਤੀ ਸਾਨੂੰ ਪ੍ਰਾਪਤ ਨਹੀਂ ਹੁੰਦੀ, ਜਿਹੜੀ ਕਿ ਪੂਰਨ ਹੋਵੇ ਜਾਂ ਜਿਨ੍ਹਾਂ ਦੇ ਭਾਸ਼ਾ ਜਾਂ ਬੋਲੀ ਦਾ ਅਸੀਂ ਕਿਸੇ ਪ੍ਰਕਾਰ ਦਾ ਭੀ ਅਨੁਮਾਨ ਲਗਾ ਸਕੀਏ। ਵੇਦਾਂ ਦੀ ਭਾਸ਼ਾ ਉਸ ਕਾਲ ਦੀ ਲੋਕ ਭਾਸ਼ਾ ਸੀ ਜਾਂ ਸਾਹਿੱਤਕ ਜਾਂ ਨਾਗਰਿਕ ਭਾਸ਼ਾ; ਇਸ ਵਿਸ਼ੇ ਉੱਤੇ ਵੀ ਪਹਲਾਂ ਵਿਚਾਰ ਕਰ ਲੈਣਾ ਜ਼ਰੂਰੀ ਪ੍ਰਤੀਤ ਹੁੰਦਾ ਹੈ. ਸਾਡੇ ਲਈ ਇਹ ਜਾਨਣਾ ਬਹੁਤ ਜ਼ਰੂਰੀ ਹੈ ਕਿ ਵੇਦਾਂ ਦੀ ਭਾਸ਼ਾ ਲੋਕ-ਭਾਸ਼ਾ ਹੀ ਸੀ। ਇਸ ਸੰਬੰਧ ਵਿੱਚ 'ਪਾਲੀ ਪ੍ਰਕਾਸ਼' ਪੰਨਾ ੨੭, ੨੮ ਉਤੇ ਬੰਗਾਲ ਦੇ ਪ੍ਰਸਿੱਧ ਵਿਦਵਾਨ ਅਤੇ ਅਥੱਕ ਖੋਜੀ ਪੰਡਿਤ ਵਿਧੂਸ਼ੇਖਰ ਸ਼ਾਸਤ੍ਰੀ ਲਿਖਦੇ ਹਨ – 'ਉਤਰਾਉ ਚੜਾਉ ਬੋਲ ਚਾਲ ਦੀ ਭਾਸ਼ਾ ਦਾ ਸੁਭਾਉ ਹੈ। ਉਹ ਢੇਰ ਚਿਰ ਤਕ ਇੱਕ ਰਸ ਨਹੀਂ ਰਹਿੰਦੀ। ਦੇਸ਼, ਕਾਲ ਅਤੇ ਮਨੁੱਖੀ ਭੇਦ ਨਾਲ ਇਸਦੇ ਵੱਖਰੇ ਵੱਖਰੇ ਰੂਪ ਹੋ ਜਾਂਦੇ ਹਨ। ਵੈਦਿਕ ਭਾਸ਼ਾ ਵਿੱਚ ਭੀ ਇਹੋ ਗੱਲ ਪਾਈ ਜਾਂਦੀ ਹੈ। ਉਸ ਸਮੇਂ ਕੋਈ 'ਕਸ਼ਦੱਰਕ' ਕੋਈ 'ਕੁਸ਼ੁੱਲਕ' ਕਹਿੰਦਾ ਹੈ। ਇਕ ਬੋਲਦਾ ਹੈ–'ਯੁਵਾਮ' ਅਤੇ ਦੂਜਾ 'ਯੁਵਮ'। ਕਿਸੇ ਤੋਂ 'ਪਾਸ਼ਚਾਤ' ਸੁਣੀਂਦਾ ਹੈ ਤਾਂ ਦੂਜੇ ਤੋਂ 'ਪਸ਼ਚਾ'। ਕੋਈ 'ਯੁਸ਼ਮਾਸ਼ੁ' ਕਹਿੰਦਾ ਹੈ ਤਾਂ ਕੋਈ 'ਯੁਸ਼ਮੇ', ਇਸੇ ਤਰ੍ਹਾਂ 'ਦਿਵਾਹ' – 'ਦੇਵਾਸਹ', 'ਸੁਵਣ' – 'ਸੂਣਾ', 'ਅਵਧੋਤਯਤਿ' – 'ਜਿਉਤਯਤੀ' ਇਤਿਆਦਿ ਭਿੰਨ ਭਿੰਨ ਵਰਤੋਂ ਹੁੰਦੀਆਂ ਹਨ। ਕੋਈ ਕਿਸੇ ਥਾਂ ਉਤੇ ਪ੍ਰਤਿਪਾਦਕ ਸ਼ਬਦਾਂ ਦੇ ਪਿਛੇ ਵਿਭਕਤੀਆਂ ਦਾ ਪ੍ਰਯੋਗ ਬਿਲਕੁਲ ਨਹੀਂ ਕਰਦਾ ਜਿਵੇਂ – 'ਪਰਮੇਵਿਉ ਮਨ' ਅਤੇ

* Edinburgh Rev. Vol. XXXIII, 3. 43

ਕੋਈ ਕਰਦਾ ਹੈ । ਕੋਈ ਕਿਸੇ ਸ਼ਬਦ ਦਾ ਕੋਈ ਹਿੱਸਾ ਅਲੋਪ ਕਰਕੇ ਉਸ ਦਾ ਉੱਚਾਰਣ ਕਰਦਾ ਹੈ, ਜਿਵੇਂ 'ਤਰਨਾ' ਕੋਈ ਇਉਂ ਨਹੀਂ ਕਰਦਾ । ਕੋਈ ਵਿਸ਼ੇਸ਼ਣ ਦੇ ਅਨੁਸਾਰ ਵਿਸ਼ੇਸ਼ਣ ਦੇ ਲਿੰਗ ਆਦਿ ਨੂੰ ਭੀ ਠੀਕ ਕਰਕੇ ਉਸ ਦੀ ਵਰਤੋਂ ਕਰਦਾ ਹੈ ਕੋਈ ਉਸਦੀ ਚਿੰਤਾ ਨਹੀਂ ਕਰਦਾ । ਜਿਸ ਵਿੱਚ ਉਸ ਨੂੰ ਸੁਖੈਨਤਾ ਭਾਸੇ ਉਸੇ ਤਰ੍ਹਾਂ ਕਰਦਾ ਹੈ ਜਿਵੇਂ – 'ਬਹੁਲਾ ਪ੍ਰਥੁਨਿ' 'ਭਵਨਾਨਿ ਵਿਸ਼ਵਾ' ਕਦੇ ਕੋਈ ਸੰਯੁਕਤ ਵਰਣ ਦੇ ਪਹਿਲਾਂ ਸਥਿਤ ਦੀਰਘ ਸ੍ਵਰ ਨੂੰ ਲਘੂ ਕਰਕੇ ਉੱਚਾਰਣ ਕਰਦਾ ਹੈ ਜਿਵੇਂ — 'ਰੋਦਸਿਪ੍ਰਾਮ' ਅਤੇ ਹੋਰ ਅਵਸਥਾਵਾਂ ਵਿੱਚ ਇਸ ਤਰ੍ਹਾਂ ਨਹੀਂ ਕਰਦਾ । ਇੱਕ ਮਨੁੱਖ ਕਿਸੇ ਅੱਖਰ ਨੂੰ ਜਿਵੇਂ ਉਚਾਰਦਾ ਹੈ, ਦੂਜਾਉਸ ਨੂੰ ਕਿਸੇ ਹੋਰ ਤਰੀਕੇ ਨਾਲ ਉਦਾਰਦਾ ਹੈ । ਇਕ 'ਡ' ਕਿਤੇ 'ਲ' ਕਿਤੇ 'ਲ' (ਲਹੂ) ਉਚਾਰਿਆ ਜਾਂਦਾ ਹੈ (ਵੇਖੋ ਰਿਗਵੇਦ ੧ – ੧੦ – ੧੧) । ਪਦ ਦੇ ਅਖੀਰ ਵਿੱਚ ਵਰਗ ਦੇ ਤੀਜੇ ਵਰਣ ਦਾ ਉਚਾਰਣ ਕਰਦੇ ਹਨ । ਜਿਨ੍ਹਾਂ ਦੀ ਵੈਦਿਕ ਭਾਸ਼ਾ ਨਾਲ ਥੋੜੀ ਜਿਹੀ ਭੀ ਜਾਣ ਪਛਾਣ ਹੈ ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਵੈਦਿਕ ਭਾਸ਼ਾ ਵਿੱਚ ਇਸ ਤਰ੍ਹਾਂ ਦੇ ਪ੍ਰਯੋਗਾਂ ਦੀ ਕਿੰਨੀ ਭਿੰਨਤਾ ਹੈ । ਉਤਲੀਆਂ ਗੱਲਾਂ ਚੰਗੀ ਤਰ੍ਹਾਂ ਸਿੱਧ ਕਰਦੀਆਂ ਹਨ ਕਿ ਵੈਦਿਕ ਭਾਸ਼ਾ ਬੋਲ ਚਾਲ ਦੀ ਹੀ ਭਾਸ਼ਾ ਸੀ ।''

ਹੋ ਸਕਦਾ ਹੈ ਕਿ ਇੱਕ ਮਤ ਨਾਲ ਵੱਖੋ ਵੱਖ ਵਿਦਵਾਨ ਸਹਮਤ ਨਾ ਹੋਣ, ਪਰ ਇਹ ਤਾਂ ਬਿਲਕੁਲ ਹੀ ਸੱਚ ਹੈ ਕਿ ਵੇਦਾਂ ਦਾ ਰਚਿਤ ਸਾਹਿੱਤ ਉਸ ਕਾਲ ਦਾ ਲੋਕ ਸਾਹਿੱਤ ਹੀ ਸੀ । ਵੇਦਾਂ ਦਾ ਇੱਕ ਵਿਸ਼ੇਸ਼ ਅੰਗ 'ਸ਼ਰੁਤੀ' ਭੀ ਹੈ, ਜਿਸ ਦਾ ਭਾਵ 'ਸੁਣਿਆ ਹੋਇਆ' ਹੈ । ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਵੇਦਾਂ ਵਿੱਚ ਲੋਕ ਸਾਹਿੱਤ ਭੀ ਸੰਗ ਰਹਿਤ ਹੈ । ਹੋ ਸਕਦਾ ਹੈ ਕੁਝ ਵਿਦਵਾਨ ਇਸ ਤਰ੍ਹਾਂ ਹੀ ਕਹਣ ਕਿ ਸੰਸਾਰ ਦੀ ਮੁੱਢਲੀ ਤੇ ਅਰਵਾਚੀਨ ਭਾਸ਼ਾ ਸੰਸਕ੍ਰਿਤ ਨਹੀਂ ਸੀ । ਜੇ ਕਰ ਉਨ੍ਹਾਂ ਤੋਂ ਇਹ ਪਛਿਆ ਜਾਵੇ ਕਿ ਉਨ੍ਹਾਂ ਦੀ ਮੂਲ ਭਾਸ਼ਾ ਕੀ ਸੀ ਤਾਂ ਸਵਾਏ ਇਸ ਦੇ ਕਿ ਉਹ ਵੈਦਿਕ ਮੰਤਰਾਂ ਵੱਲੋ ਇਸ਼ਾਰਾ ਕਰਨ, ਹੋਰ ਕੀ ਕਹ ਸਕਦੇ ਹਨ । ਨਿਸਚੈ ਹੀ ਰਿਗ ਵੇਦ ਸੰਸਾਰ ਦਾ ਮੁੱਢਲਾ ਗ੍ਰੰਥ ਹੈ ਅਤੇ ਸੰਸਕ੍ਰਿਤ ਵਿਸ਼ਵ ਦੀ ਪ੍ਰਾਚੀਨਤਮ ਭਾਸ਼ਾ । ਜੇ ਕਰ ਇਹ ਭੀ ਮੰਨ ਲਇਆ ਜਾਵੇ ਕਿ ਵੈਦਿਕ ਭਾਸ਼ਾ ਉਸ ਕਾਲ ਦੀ ਬੋਲ ਚਾਲ ਦੀ ਭਾਸ਼ਾ ਨਹੀਂ ਸੀ ਸਗੋਂ ਸਾਹਿੱਤਕ ਭਾਸ਼ਾ ਸੀ ਤਾਂ ਭੀ ਇਹ ਨਿਸਚੈ ਹੈ ਕਿ ਸਾਹਿੱਤਕ ਜਾਂ ਨਾਗਰਿਕ ਭਾਸ਼ਾ ਵਿੱਚ ਬੋਲ ਚਾਲ ਦੀ ਭਾਸਾ ਜਾਂ ਲੋਕ ਭਾਸ਼ਾ ਦਾ ਪ੍ਰਭਾਵ ਪੂਰਨ ਰੂਪ ਨਾਲ ਰਹਿੰਦਾ ਹੈ । ਸਾਹਿੱਤਕ ਹੋਣ ਤੋਂ ਕਿਸੇ ਭੀ ਭਾਸ਼ਾ ਦਾ ਰੂਪ ਪੂਰੇ ਤੌਰ ਨਾਲ ਤਬਦੀਲ ਨਹੀਂ ਹੁੰਦਾ, ਸਗੋਂ ਉਸ ਦੀਆਂ ਖੂਬੀਆਂ ਉਸ ਵਿੱਚ ਰਹਿੰਦੀਆਂ ਹਨ, ਨਹੀਂ ਤਾਂ ਉਹ ਉਸ ਭਾਸ਼ਾ ਦੀ ਰਚਨਾ ਹੋ ਹੀ ਨਹੀਂ ਸਕਦੀ । ਲੋਕ-ਭਾਸ਼ਾ ਜਾਂ ਗ੍ਰਾਮ-ਸਾਹਿੱਤ ਵਿੱਚ ਪਾਠਕ ਦੇਖਣਗੇ ਕਿ ਉਸ ਭਾਸ਼ਾ ਦਾ ਅਸਲੀ ਰੂਪ ਉਸ ਵਿੱਚ ਪਸ਼ਟ ਝਲਕਾਂ ਮਾਰਦਾ

ਹੈ । ਸਗੋਂ ਅਸੀਂ ਇਹ ਭੀ ਕਹ ਸਕਦੇ ਹਾਂ ਕਿ ਲੌਕਿਕ ਭਾਸ਼ਾ ਹੀ ਸਾਹਿੱਤਕ ਭਾਸ਼ਾ ਦੀ ਮਾਂ ਹੁੰਦੀ ਹੈ ਅਤੇ ਲੌਕਿਕ ਭਾਸ਼ਾ ਦਿਲ ਦੀ ਡੂੰਘਾਈ ਨੂੰ ਵਧੇਰੇ ਜਾਂਚ ਸਕਦੀ ਹੈ ।

ਕੁਝ ਵਿਦਵਾਨਾਂ ਦਾ ਇਹ ਭੀ ਮਤ ਹੈ ਕਿ ਵੇਦਾਂ ਦੀ ਭਾਸ਼ਾ ਸੰਸਕ੍ਰਿਤ ਨਹੀਂ ਸੀ, ਪ੍ਰਾਕ੍ਰਿਤ ਸੀ । ਵੈਦਿਕ ਦਾ ਅਰਥ ਉਹ ਪ੍ਰਾਚੀਨ ਮੰਨਦੇ ਹਨ ਅਤੇ ਉਸ ਨੂੰ ਪ੍ਰਕ੍ਰਿਤੀ ਦੀ ਦਾਤ ਮੰਨਦੇ ਹੋਏ ਸੁਭਾਵਕ ਤੌਰ ਤੇ ਉਸ ਦਾ ਨਾਮ ਪ੍ਰਾਕ੍ਰਿਤ ਹੀ ਮੰਨਦੇ ਹਨ । ਉਨ੍ਹਾਂ ਦੇ ਮਤ ਅਨੁਸਾਰ ਪ੍ਰਾਕ੍ਰਿਤ (ਵੈਦਿਕ) ਤੋਂ ਸੰਸਕ੍ਰਿਤ ਦਾ ਨਿਰਮਾਣ ਹੋਇਆ, ਜਿਹੜੀ ਕਿ ਕੁਝ ਕਾਲ ਉਪਰੰਤ ਵਿਦਵਾਨਾਂ ਦੀ, ਸਾਹਿੱਤਕਾਰਾਂ ਦੀ, ਜਾਂ ਨਾਗਰਿਕਾਂ ਦੀ ਭਾਸ਼ਾ ਬਣ ਗਈ । ਬਾਲਮੀਕ ਰਾਮਾਇਣ ਦੇ ਸੁੰਦਰ ਕਾਂਡ ਦੇ ਗਿਆਰ੍ਹਵੇਂ ਸਰਗ ਵਿੱਚ ਸੰਸਕ੍ਰਿਤ (ਦ੍ਵਿਜ ਭਾਸ਼ਾ) ਦੇ ਇਲਾਵਾ ਇੱਕ ਹੋਰ ਲੋਕ ਭਾਸ਼ਾ ਦਾ ਭੀ ਰੂਪ ਮਿਲਦਾ ਹੈ । ਮਹਾਂਰਿਸ਼ੀ ਨੇ ਹਨੂਮਾਨ ਅਤੇ ਸੀਤਾ ਦੇ ਮਿਲਣ ਵੇਲੇ ਹਨੂਮਾਨ ਦੁਆਰਾ ਅਖਵਾਇਆ ਹੈ ਕਿ ਜੇ ਕਰ ਉਹ ਸੰਸਕ੍ਰਿਤ ਵਿਚ ਬੋਲਦੇ ਹਨ ਤਾਂ ਸੀਤਾ ਜੀ ਉਨ੍ਹਾਂ ਨੂੰ ਬ੍ਰਾਹਮਣ ਸਮਝ ਲੈਣਗੇ । ਇਸ ਕਰਕੇ ਉਹ ਸੰਸਕ੍ਰਿਤ ਵਿੱਚ ਨਹੀਂ ਬੋਲਦੇ, ਸਗੋਂ ਉਸ ਕਾਲ ਦੀ ਲੋਕ ਭਾਸ਼ਾ ਵਿੱਚ ਹੀ ਉਨ੍ਹਾਂ ਨਾਲ ਗਲ ਬਾਤ ਕਰਦੇ ਹਨ ।

'ਹੋਂਦ ਵਿੱਚ ਆਈਆਂ ਭਾਸ਼ਾਵਾਂ ਵਿਚੋਂ ਸੰਸਕ੍ਰਿਤ ਸਭ ਤੋਂ ਵਧੇਰੇ ਨਿਯਮ ਪੂਰਤ ਹੈ ਅਤੇ ਇਸ ਕਾਰਣ ਅਨੋਖੀ ਹੈ ਕਿਉਂਕਿ ਉਸ ਵਿੱਚ ਯੂਰਪ ਦੀਆਂ ਪੁਰਾਤਨ ਭਾਸ਼ਾਵਾਂ ਅਤੇ ਆਧੁਨਿਕ ਭਾਸ਼ਾਵਾਂ ਦਾ ਮੂਲ ਹੈ ।* ਇਹ ਨਿਸਚੈ ਹੀ ਹੈ ਕਿ ਸੰਸਕ੍ਰਿਤ ਭਾਸ਼ਾ ਤੋਂ ਵੈਦਿਕ ਅਭੇਦ ਨਾਕਿ ਲੌਕਿਕ ਸੰਸਕ੍ਰਿਤ । ਸੰਸਕ੍ਰਿਤ ਹੀ ਵਿਸ਼ਵ ਦੀਆਂ ਵੱਖੋ ਵੱਖ ਭਾਸ਼ਾਵਾਂ ਦੀ ਮਾਂ ਮੰਨੀ ਜਾਂਦੀ ਹੈ । ਮਿ: ਐਡੀਲਿੰਗ ਦੇ ਮਤ ਅਨੁਸਾਰ–'ਇਹ ਦੇਖ ਕੇ ਕਿ ਭਾਸ਼ਾਵਾਂ ਦੀ ਇਕ ਵੱਡੀ ਸੰਖਿਆ' ਦਾ ਮੁੱਢ ਸੰਸਕ੍ਰਿਤ ਤੋਂ ਹੈ ਜਾਂ ਇਹ ਕਿ ਸੰਸਕ੍ਰਿਤ ਤੋਂ ਉਨ੍ਹਾਂ ਦੀ ਥੋੜੀ ਬਹੁਤੀ ਸਮਾਨਤਾ ਹੈ, ਸਾਨੂੰ ਬੜੀ ਅਸਚਰਜਤਾ ਹੁੰਦੀ ਹੈ । ਇਹ ਸੰਸਕ੍ਰਿਤ ਦੇ ਪ੍ਰਾਚੀਨ ਹੋਣ ਦਾ ਪੂਰਾ-ਪੂਰਾ ਪ੍ਰਮਾਣ ਹੈ । ਰੇਡੀਅਰ ਨਾਂ ਦੇ ਇਕ ਜਰਮਨ ਲੇਖਕ ਦਾ ਇਹ ਕਥਨ ਹੈ ਕਿ ਸੰਸਕ੍ਰਿਤ ਸੌ ਤੋਂ ਭੀ ਜ਼ਿਆਦਾ ਭਾਸ਼ਾਵਾਂ ਜਾਂ ਬੋਲੀਆਂ ਦੀ ਮਾਂ ਹੈ । ਇਸ ਗਿਣਤੀ ਵਿੱਚ ਉਸ ਨੇ ਬਾਰਾਂ ਭਾਰਤੀ, ਸੱਤ ਮੀਡੀਅਨ ਫਾਰਸੀ, ਦੋ ਅਰਨਾਟਿਕ ਅਲਬਾ-ਨੀਅਨ, ਸੱਤ ਗਰੀਕ, ਅਠਾਰਾਂ ਲੈਟਿਨ, ਚੌਦਾਂ ਇਸਕਲੇਵਾਨੀਅਨ ਅਤੇ ਛੇ ਮੰਲਕ ਕੈਲਟਿਕ ਨੂੰ ਮਿਥਿਆ ਹੈ :

ਲਿਖਾਰੀਆਂ ਦੀ ਇੱਕ ਵਡੀ ਸੰਖਿਆ ਨੇ ਸੰਸਕ੍ਰਿਤ ਨੂੰ ਗਰੀਕ,

"*Lectures on the Natural Sciences" ਮਿ. ਕਿਯੁਵਿਰ ।

ਲੈਟਿਨ, ਅਤੇ ਜਰਮਨ ਭਾਸ਼ਾ ਦੀਆਂ ਅਨੇਕ ਉਪ-ਭਾਸ਼ਾਵਾਂ ਦੀ ਮਾਂ ਮੰਨਿਆਂ ਹੈ ਜਾ ਇਨ੍ਹਾਂ ਵਿਚੋਂ ਕੁਝ ਨੂੰ ਸੰਸਕ੍ਰਿਤ ਤੋਂ ਜੰਮੀ, ਕਿਸੇ ਦੂਜੀ ਭਾਸ਼ਾ ਦੁਆਰਾ ਉਪਜਿਆ ਮੰਨਿਆ ਹੈ, ਜਿਹੜੀਆਂ ਕਿ ਹੁਣ ਅਲੋਪ ਹੋ ਚੁਕੀਆਂ ਹਨ। ਸਰ ਵਿਲੀਅਮ ਜੋਨਸ ਅਤੇ ਦੂਜੇ ਲੋਕਾਂ ਨੇ ਸੰਸਕ੍ਰਿਤ ਦਾ ਲਗਾਉ ਫਾਰਸੀ ਅਤੇ ਜ਼ਿੰਦ ਭਾਸ਼ਾ ਨਾਲ ਭੀ ਪਾਇਆ ਹੈ।

'ਹਾਲ ਹੇਡ' ਨੇ ਸੰਸਕ੍ਰਿਤ ਅਤੇ ਅਰਬੀ ਸ਼ਬਦਾਂ ਵਿੱਚ ਭੀ ਸਮਾਨਤਾ ਪਾਏ ਹੈ। ਇਹ ਸਮਾਨਤਾ ਨਾ ਕੇਵਲ ਖਾਸ ਖਾਸ ਗਲਾਂ ਜਾਂ ਵਿਸ਼ਯਾਂ ਵਿੱਚ ਹੀ ਹੈ, ਸਗੋਂ ਉਨ੍ਹਾਂ ਨੂੰ ਭਾਸ਼ਾ ਦੀ ਤਹ ਵਿੱਚ ਭੀ ਇਹ ਸਮਾਨਤਾ ਜਾਪਦੀ ਹੈ। ਇਸ ਤੋਂ ਬਿਨਾਂ ਇੰਡੋ ਚੀਨੀ ਅਤੇ ਉਸ ਭਾਗ ਦੀਆਂ ਦੂਜੀਆਂ ਭਾਸ਼ਾਵਾਂ ਦਾ ਭੀ ਉਸ ਦੇ ਨਾਲ ਡੂੰਘਾ ਸੰਬੰਧ ਉਨ੍ਹਾਂ ਨੂੰ ਮਿਲਦਾ ਹੈ।*

ਇਸੇ ਤਰ੍ਹਾਂ ਹਿੰਦੀ ਸਾਹਿੱਤ ਦੇ ਵਿਦਵਾਨ ਪੰਡਿਤ ਅਯੁਧਿਆ ਸਿੰਘ ਉਪਧਿਆਇ 'ਹਰਿਔਧ' ਨੇ 'ਹਿੰਦੀ ਭਾਸ਼ਾ ਔਰ ਸਾਹਿੱਤ ਕਾ ਵਿਕਾਸ' ਨਾਮ ਦੀ ਪੁਸਤਕ ਵਿਚ ਸੰਸਾਰ ਦੀ ਆਰੀਆ ਜਾਤੀ ਦੀਆਂ ਭਾਸ਼ਾਵਾਂ ਦੇ ਨਾਲ ਵੈਦਿਕ ਭਾਸ਼ਾ ਦਾ ਸੰਬੰਧ ਪ੍ਰਗਟ ਕਰਨ ਦੇ ਲਈ ਕੁਝ ਸ਼ਬਦ ਦਿੱਤੇ ਹਨ, ਜਿਹੜੇ ਇਸ ਪ੍ਰਕਾਰ ਹਨ। ਇਨ੍ਹਾਂ ਤੋਂ ਉਨ੍ਹਾਂ ਨੇ ਇਹ ਸਿਧ ਕੀਤਾ ਹੈ ਕਿ ਸੰਸਕ੍ਰਿਤ ਹੀ ਦੁਨੀਆਂ ਦੀ ਪ੍ਰਾਚੀਨ ਭਾਸ਼ਾ ਹੈ।

| ਸੰਸਕ੍ਰਿਤ | ਮੀਡੀ | ਯੂਨਾਨੀ | ਲੈਟਿਨ | ਅੰਗ੍ਰੇਜ਼ੀ | ਫਾਰਸੀ |
|---|---|---|---|---|---|
| ਪਿੰਤ੍ਰ | ਪਤਰ | ਪਾਟੇਰ | ਪੇਟਰ | ਫਾਦਰ | ਪਿਦਰ |
| ਮੱਤ੍ਰ | ਮਤਰ | ਮਾਟੇਰ | ਮੇਟਰ | ਮਦਰ | ਮਾਦਰ |
| ਭ੍ਰੂੱਤ੍ਰ | ਬ੍ਰਤਰ | ਫਾਟੇਰ | ਫੇਟਰ | ਬ੍ਰਦਰ | ਬਿਰਾਦਰ |
| ਨਾਮ | ਨਾਮ | ਆਨਾਮਾ | ਨਾਮੇਨ | ਨੇਮ | ਨਾਮ |
| ਅਸੀਮਿ | ਅਹਮਿ | ਐਮੀ | ਏਸ | ਐਮ | ਆਮ |

ਉਪਰੋਕਤ ਸ਼ਬਦਾਂ ਦਾ ਅਧਿਐਨ ਕਰਨ ਤੋਂ ਅਤੇ ਇਨ੍ਹਾਂ ਵਿਚ ਸਮਾਨਤਾ ਵੇਖ ਕੇ ਇਹ ਗਲ ਮੰਨਣੀ ਪਵੇਗੀ ਕਿ ਵੈਦਿਕ ਭਾਸ਼ਾ ਜਾਂ ਆਰੀਆ ਜਾਤੀ ਦੀ ਉਹ ਭਾਸ਼ਾ, ਜਿਸ ਦਾ ਅਸਲੀ ਅਤੇ ਵਿਆਪਕ ਰੂਪ ਅਸਾਨੂੰ ਵੇਦਾਂ ਵਿਚ ਮਿਲਦਾ ਹੈ ਆਦਿ ਭਾਸ਼ਾ ਜਾਂ ਮੂਲ ਭਾਸ਼ਾ ਹੈ। ਅਜ ਕਲ ਦੇ ਬਦਲੇ ਹੋਏ ਅਤੇ ਨਵੇਂ ਵਿਚਾਰਾਂ ਅਨੁਸਾਰ ਜੇਕਰ ਦੁਨੀਆਂ ਭਰ ਜਾਂ ਯੂਰਪੀ ਭਾਸ਼ਾਵਾਂ ਦੀ ਮਾਂ ਉਹਨੂੰ ਨਾ ਮੰਨੀਏ ਤਾਂ ਭੀ ਆਰੀਆ ਪ੍ਰਵਾਰਾਂ ਦੀਆਂ ਜਿੰਨੀਆਂ ਭਾਸ਼ਾਵਾਂ ਹਨ, ਉਹਨਾਂ ਦੀ ਜਨਮਦਾਤੀ ਤਾਂ ਇਸ ਨੂੰ ਮੰਨਣਾ ਪਵੇਗਾ।

---

*ਵੇਖੋ—"Adelingg's Sanskrit Literature" pp. 30-40

ਵੇਦਾਂ ਨੂੰ ਅਸੀਂ ਭਾਰਤ ਵਰਸ਼ ਦੇ ਧਾਰਮਿਕ ਤੇ ਆਦਿ ਗ੍ਰੰਥ ਮੰਨਦੇ ਹਾਂ। ਜੇਕਰ ਉਹ ਧਾਰਮਿਕ ਨਾ ਹੁੰਦੇ ਤਾਂ ਇਹ ਨਿਸਚੈ ਹੀ ਸੀ ਕਿ ਉਨ੍ਹਾਂ ਦਾ ਵਜੂਦ ਹੀ ਨਾ ਰਹਿੰਦਾ। ਚੰਗਾ ਹੀ ਹੋਇਆ ਕਿ ਉਹ ਧਾਰਮਿਕ ਹੋਣ ਕਰਕੇ ਭਾਰਤੀ ਜਨਤਾ ਦੇ ਮਾਣ ਯੋਗ ਬਣੇ ਰਹੇ। ਨਹੀਂ ਤਾਂ ਉਸ ਕਾਲ ਦੇ ਲੋਕ-ਗੀਤਾਂ ਨੂੰ ਜਿਹੜੇ ਕਿ ਪੰਜਾਬ ਜਨਪਦ ਦਾ ਅਨਮੋਲ ਖ਼ਜ਼ਾਨਾ ਸਨ, ਦਾ ਵਜੂਦ ਹੀ ਨਾ ਮਿਲਦਾ ਅਤੇ ਪੰਜਾਬ ਔਰ ਪੰਜਾਬੀ ਇਹ ਮਾਨ ਨਾ ਪ੍ਰਾਪਤ ਕਰਦੇ ਕਿ ਵਿਸ਼ਵ ਦਾ ਆਦਿ ਗ੍ਰੰਥ ਉਨ੍ਹਾਂ ਦੀ ਹੀ ਪੁਰਾਤਨ ਭਾਸ਼ਾ ਵਿੱਚ, ਉਨ੍ਹਾਂ ਦੇ ਹੀ ਆਦਿ ਪੁਰਖਾਂ ਨੇ ਅਤੇ ਉਨ੍ਹਾਂ ਦੀ ਪਵਿਤ੍ਰ ਭੂਮੀ ਵਿਚ ਰਚਿਆ ਗਇਆ ਹੈ।

ਕੁਝ ਲੋਕ ਇਸ ਗਲ ਨੂੰ ਮਿਥਿਆ ਹੀ ਮੰਨਣਗੇ, ਪਰ ਇਹੋ ਜਿਹੇ ਅਨੇਕ ਸ਼ਬਦ ਪੰਜਾਬੀ ਵਿਚ ਪ੍ਰਾਪਤ ਹੁੰਦੇ ਹਨ, ਜਿਹੜੇ ਕਿ ਵੈਦਿਕ ਭਾਸ਼ਾ ਤੋਂ ਸਿਧੇ ਪੰਜਾਬੀ ਵਿੱਚ ਆ ਗਏ ਹਨ। ਜਿਵੇਂ-ਪਿੰਡਾ, ਕਲਾਵਾ, ਕੂੰਡਾ ਪਿੰਜਰਾ, ਪਿਤਾ, ਹਾਲਾ, ਫੁੱਲ, ਮੁੰਜ, ਲੱਠ, ਪੱਠ, ਦੋਹਤਰਾ, ਕੱਜਲ, ਅੰਗਾਰ, ਗਾਂ, ਚੰਗਾ, ਹੱਡ, ਲੰਘਣਾ, ਵੱਲ, ਪਿੰਜਣਾ, ਨਿਮਰਨਾ, ਗਛਣਾ, ਅਛਣਾ, ਤੁਰਨਾ, ਸੱਜਾ, ਕਾਣਾ, ਕਾਲਾ ਆਦਿ। ਇਹੋ ਜਿਹੇ ਤਾਂ ਸੈਂਕੜੇ ਹੀ ਸ਼ਬਦ ਮਿਲ ਸਕਣਗੇ, ਜਿਹੜੇ ਕਿ ਥੋੜੀ ਜਿਹੀ ਤਬਦੀਲੀ ਨਾਲ ਨਿਤਾਪ੍ਰਤੀ ਵਰਤੇ ਜਾਂਦੇ ਹਨ।

ਇਥੇ ਹੀ ਬਸ ਨਹੀਂ ਸ਼ਬਦਾਂ ਤੋਂ ਬਿਨਾਂ ਭੀ ਦੋਵੇਂ ਬੋਲੀਆਂ ਦੀ ਵਾਕ ਰਚਨਾ ਦੇ ਨਿਯਮ ਭੀ ਇਕੋ ਜੇਹੇ ਹਨ। ਵਧੇਰੇ ਕਰਕੇ ਸੰਸਕ੍ਰਿਤ ਵਿਚ ਨਾਮ, ਸੁਵਨਾਮ, ਜਾਂ ਕਿਰਿਆ ਦੀ ਵਰਤੋਂ ਵੱਖਰੀ ਨਹੀਂ ਹੁੰਦੀ, ਸਗੋਂ ਸ਼ਬਦ ਵਿਚ ਹੀ ਕੁਛ ਤਬਦੀਲੀ ਕਰਕੇ ਜਾਂ ਕੋਈ ਸ਼ਬਦ ਜੋੜ ਕੇ ਕੰਮ ਸਾਰ ਲੀਤਾ ਜਾਂਦਾ ਹੈ। ਜਿਵੇਂ, ਰਾਮ ਨੇ' ਦੀ ਥਾਂ ਰਾਮੇਣ' 'ਰਾਮ ਕੋ, ਦੀ ਥਾਂ 'ਰਾਮਮ', 'ਰਾਮ ਕਾ' ਦੀ ਥਾਂ 'ਰਾਮੱਸਯ', ਇਸੇ ਤਰ੍ਹਾਂ ਪੰਜਾਬੀ ਦੀ ਵਾਕ-ਰਚਨਾ ਵੀ ਸੰਸਕ੍ਰਿਤ ਵਾਂਗ ਹੀ ਹੈ। ਜਿਵੇਂ-'ਬਜ਼ਾਰ ਤੋਂ' ਕਹਿਣ ਦੀ ਥਾਂ 'ਬਜ਼ਾਰੋਂ', 'ਦੁਕਾਨ ਦੇ ਵਿਚੋਂ' ਕਹਿਣ ਦੀ ਥਾਂ 'ਦੁਕਾਨੋਂ', 'ਰਾਮ ਨੇ ਮਾਰਿਆ' ਕਹਿਣ ਦੀ ਥਾਂ 'ਰਾਮੇ ਮਾਰਿਆ'। ਅਮਕੀ ਚੀਜ਼ 'ਕਿਸ ਵਿਚ ਪਈ ਹੈ' ਦੀ ਥਾਂ 'ਕਿਸ 'ਚ ਪਈ ਐ' ਆਦਿ।

ਇਨ੍ਹਾਂ ਤੋਂ ਬਿਨਾਂ ਹੋਰ ਭੀ ਕਈ ਇਹੋ ਜਿਹੇ ਪ੍ਰਮਾਣ ਮਿਲਦੇ-ਹਨ ਜਿੰਨ੍ਹਾਂ ਤੋਂ ਇਹ ਸਪਸ਼ਟ ਪਤਾ ਲਗਦਾ ਹੈ ਕਿ ਵੈਦਿਕ ਭਾਸ਼ਾ ਪੰਜਾਬੀ ਦੇ ਵਧੇਰੇ ਨੇੜੇ ਹੈ। ਦੇਖੋ ਰਿਗਵੇਦ ੫, ੮੫,੪/੬/੩,੭/੮/੬/੧/੫, ਅਤੇ ੮੫,੧/੪੮/੩ ਅਤੇ ੧੦/੫੪ ਇਤਿਆਦਿ। ਜਿੰਨ੍ਹਾਂ ਵਿੱਚ 'ਬਾਰ' ਸ਼ਬਦ ਦੂਰ ਦੇ ਲਈ, ਦੁਲੱਭ ਸ਼ਬਦ ਦੁਸ਼ਲਭ ਦੇ ਲਈ, ਭੂਮ ਸ਼ਬਦ ਭੂਮਿ ਦੇ ਲਈ, ਕਰਾਣਾ ਸ਼ਬਦ ਕਰਾਉਣ ਦੇ ਲਈ ਅਤੇ ਸਾਕਮ ਸ਼ਬਦ ਰਿਸ਼ਤੇਦਾਰੀ ਦੇ ਲਈ ਵਰਤੇ ਗਏ-ਹਨ। ਸਭ ਜਾਣਦੇ

ਹਨ ਕਿ ਪੰਜਾਬੀ ਵਿੱਚ ਇਹ ਸ਼ਬਦ ਬਾਰ, ਦੁਲੱਭ, ਭੂਮ, ਕਰਾਣਾ ਅਤੇ ਸਾਕ ਇਤਿਆਦਿ ਇੰਨ ਬਿੰਨ ਵਰਤੋਂ ਵਿਚ ਆਉਂਦੇ ਹਨ।

ਉਕਤ ਉਦਾਹਰਣਾਂ ਦੁਾਰਾ ਅਸੀਂ ਇਸ ਸਿੱਟੇ ਉਤੇ ਪੁਜੇ ਹਾਂ ਕਿ ਭਾਰਤ ਦੀ ਅਤੇ ਵਿਸ਼ੇਸ਼ ਕਰ ਕੇ ਪੰਜਾਬ ਦੀ ਮੁਢਲੀ ਭਾਸ਼ਾ ਵੈਦਿਕ ਸੰਸਕ੍ਰਿਤ ਹੀ ਸੀ। ਇਸ ਦੇ ਉਪਰਾਂਤ ਲੌਕਿਕ ਸੰਸਕ੍ਰਿਤ ਜਾਂ ਆਧੁਨਿਕ ਸੰਸਕ੍ਰਿਤ ਹੋਂਦ ਵਿਚ ਆਈਆਂ ਜਾਪਦੀਆਂ ਹਨ। ਈਸਾ ਤੋਂ ਲਗ ਭਗ ਪੰਜ ਛੇ ਸੌ ਵਰ੍ਹੇ ਪਹਿਲਾਂ ਵਿਦਵਾਨ ਮਹਾਂਭਾਰਤ ਅਤੇ ਰਾਮਾਇਣ ਦਾ ਯੁਗ ਮੰਨਦੇ ਹਨ, ਜਿਸ ਵਿਚ ਮਹਾਂਰਿਸ਼ੀ ਵਿਯਾਸ ਨੇ ਮਹਾਂ ਭਾਰਤ ਅਤੇ ਬਾਲਮੀਕੀ ਨੇ ਰਾਮਾਇਣ ਜਿਹੇ ਮਹਾਂ ਕਾਵਿਯਾਂ ਦੀ ਰਚਨਾ ਕੀਤੀ, ਇਹ ਦੋਨੋਂ ਮਹਾਂ ਕਾਵਿ ਲੌਕਿਕ ਜਾਂ ਆਧੁਨਿਕ ਸੰਸਕ੍ਰਿਤ ਦੇ ਵਧੀਆ ਨਮੂਨੇ ਹਨ।

ਸੰਸਕ੍ਰਿਤ ਕਾਲ ਦੇ ਉਪਰਾਂਤ ਸਾਨੂੰ ਪਾਲਵੰਸੀ ਰਾਜਿਆਂ ਦਾ ਰਾਜ ਮਿਲਦਾ ਹੈ, ਜਿਨ੍ਹਾਂ ਦੇ ਨਾਂ ਤੋਂ ਪਾਲੀ ਭਾਸ਼ਾ ਦਾ ਜਨਮ ਹੋਇਆ। ਪਾਲੀ ਭਾਸ਼ਾ ਪਾਲ ਵੰਸ਼ੀ ਰਾਜਿਆਂ ਦੀ ਰਾਜ ਭਾਸ਼ਾ ਰਹੀ ਹੈ, ਇਸੇ ਕਰਕੇ ਉਸ ਦਾ ਨਾਮ ਪਾਲੀ ਪਇਆ ਪ੍ਰਤੀਤ ਹੁੰਦਾ ਹੈ। ਇਸੇ ਪਾਲੀ ਭਾਸ਼ਾ ਵਿਚ ਮਹਾਤਮਾ ਬੁੱਧ ਦੇ ਉਪਦੇਸ਼ ਆਦਿ ਮਿਲਦੇ ਹਨ। ਭਗਵਾਨ ਬੁੱਧ ਦੀ ਪ੍ਰਧਾਨ ਲੀਲਾ ਭੂਮੀ ਮਗਧ ਪ੍ਰਾਂਤ ਸੀ। ਨਿਸਚਿਤ ਹੈ ਕਿ ਉਨ੍ਹਾਂ ਨੇ ਉਸ ਕਾਲ ਦੀ ਲੋਕ ਭਾਸ਼ਾ ਨੂੰ ਉਪਦੇਸ਼ ਦੇਣ ਲਈ ਚੁਣਿਆ, ਜਿਸ ਤੋਂ ਕਿ ਉਹ ਆਪਣੇ ਵਿਚਾਰਾਂ ਦਾ ਪ੍ਰਚਾਰ ਲੋਕਾਂ ਵਿਚ ਚੰਗੀ ਤਰ੍ਹਾਂ ਕਰ ਸਕਣ। ਇਹੋ 'ਪਾਲੀ' ਤੇ ਕਈ ਵਿਦਵਾਨਾਂ ਦੇ ਮਤ ਅਨੁਸਾਰ 'ਮਾਗਧੀ' ਭਾਸ਼ਾ ਇਕੋ ਹੀ ਸਨ। ਦੋਹਾਂ ਦਾ ਅਭੇਦ ਮੰਨਣਾ ਹੀ ਉੱਚਿਤ ਪ੍ਰਤੀਤ ਹੁੰਦਾ ਹੈ। ਪਾਲੀ ਹੀ ਉਹ ਪ੍ਰਾਕ੍ਰਿਤ ਹੈ, ਜਿਹੜੀ ਵੈਦਿਕ ਭਾਸ਼ਾ ਤੋਂ ਵਧੇਰੀ ਨੇੜੇ ਦੀ ਭਾਸ਼ਾ ਕਹੀ ਜਾ ਸਕਦੀ ਹੈ। ਇਸੇ ਕਰਕੇ ਵਿਦਵਾਨ ਉਸ ਨੂੰ ਆਰੀਆ ਪ੍ਰਾਕ੍ਰਿਤ ਦਾ ਦੂਜਾ ਰੂਪ ਮੰਨਦੇ ਹਨ। ਬੁੱਧ ਮਤ ਦੇ ਉਪਦੇਸ਼ ਆਦਿ, ਅਸ਼ੋਕ ਦੇ ਆਗਿਆ-ਪੱਤ੍ਰ ਅਤੇ ਦੂਜੇ ਹੋਰ ਕੰਮ ਕਿਉਂਕਿ ਪਾਲੀ ਵਿੱਚ ਹੀ ਹੁੰਦੇ ਸਨ। ਇਸ ਤੋਂ ਸਿੱਧ ਹੁੰਦਾ ਹੈ ਕਿ ਪਾਲੀ ਉਸ ਕਾਲ ਦੀ ਰਾਸ਼ਟ੍ਰ-ਭਾਸ਼ਾ ਬਣ ਗਈ ਸੀ। ਇਸ ਦਾ ਪ੍ਰਭਾਵ ਨਿਸਚੇ ਹੀ ਦੂਜੀਆਂ ਪ੍ਰਾਕ੍ਰਿਤਾਂ ਉੱਤੇ ਭੀ ਪਇਆ ਹੋਵੇਗਾ।

ਪਾਲੀ ਅਤੇ ਮਾਗਧੀ ਦੇ ਸਮਾਨ ਹੀ ਅਰਧ ਮਾਗਧੀ ਅਤੇ ਬੌਧ ਮਾਗਧੀ ਭੀ ਕੁਝ ਕਾਲ ਉਪਰਾਂਤ ਬਣ ਗਈਆਂ। ਮਹਾਰਾਸ਼ਟਰ ਦੀ 'ਸ਼ੌਰਸੈਨੀ' ਅਤੇ 'ਪਿਸਾਚੀ' ਪ੍ਰਾਕ੍ਰਿਤਾਂ ਵੀ ਵਖੋ ਵੱਖ ਪ੍ਰਾਂਤਾਂ ਦੀਆਂ ਲੋਕ ਭਾਸ਼ਾਵਾਂ ਵੈਦਿਕ ਸੰਸਕ੍ਰਿਤ ਤੋਂ ਹੀ ਅਪਭ੍ਰੰਸ਼ ਹੋ ਕੇ ਬਣੀਆਂ। ਨਿਸਚੈ ਹੈ ਕਿ ਵੈਦਿਕ ਸੰਸਕ੍ਰਿਤ ਜਾਂ ਪਾਲੀ ਆਦਿ ਭਾਸ਼ਾਵਾਂ ਦੀ ਟੁੱਟ ਫੁੱਟ ਜਾਂ ਮੇਲ ਮਿਲਾਪ ਤੋਂ ਵੱਖੋ ਵੱਖ ਪ੍ਰਾਕ੍ਰਿਤਾਂ ਦੀ ਬਣਤਰ

ਹੋਈ, ਜਿਨ੍ਹਾਂ ਤੋਂ ਕਿ ਭਾਰਤ ਦੀਆਂ ਵਖਰੀਆਂ ਪ੍ਰਾਂਤਕ ਭਾਸ਼ਾਂਵਾਂ ਬਣ ਗਈਆਂ, ਜਿਨ੍ਹਾਂ ਨੂੰ ਅਸੀਂ ਲੋਕ ਭਾਸ਼ਾਵਾਂ ਦੇ ਨਾਮ ਨਾਲ ਸਦਦੇ ਹਾਂ ।

ਵੈਦਿਕ ਸੰਸਕ੍ਰਿਤ

ਲੌਕਿਕ ਸੰਸਕ੍ਰਿਤ ਜਾਂ ਆਧੁਨਿਕ ਸੰਸਕ੍ਰਿਤ

ਪਾਲੀ

(ਕਈ ਵਿਦਵਾਨ ਪਾਲੀ ਨੂੰ ਭੀ ਮਾਗਧੀ ਆਦਿ ਦੇ ਨਾਲ ਪ੍ਰਾਕ੍ਰਿਤ ਦਾ ਹੀ ਛੇਵਾਂ ਭੇਦ ਮੰਨਦੇ ਹਨ ।)

| ਪੈਸ਼ਾਚੀ ਪ੍ਰਾਕ੍ਰਿਤ | ਸ਼ੌਰਸੈਨੀ ਪ੍ਰਾਕ੍ਰਿਤ | ਮਾਗਧੀ ਪ੍ਰਾਕ੍ਰਿਤ | ਅਰਧ ਮਾਗਧੀ ਪ੍ਰਾਕ੍ਰਿਤ | ਮਹਾਰਾਸ਼ਟ੍ਰ ਪ੍ਰਾਕ੍ਰਿਤ |
|---|---|---|---|---|
| ਅਪਭ੍ਰੰਸ਼ | ਅਪਭਰੰਸ਼ | ਅਪਭਰੰਸ਼ | ਅਪ ਭਰੰਸ਼ | ਅਪਭਰੰਸ਼ |
| ਨਾਗਰ, ਉਪ-ਨਾਗਰ, ਆਦਿ ਅਪਭਰੰਸ਼ਾਂ ਦੇ ਭੀ ਉਪਭੇਦ ਕੀਤੇ ਜਾਂਦੇ ਹਨ । | ਬ੍ਰਜ | ਬਿਹਾਰੀ ਬੰਗਲਾ | ਆਂਵਧੀ | ਮਰਾਠੀ ਗੁਜਰਾਤੀ ਰਾਜਸਥਾਨੀ (ਸ਼ੌਰਸੈਨੀ ਤੋਂ ਭੀ ਪ੍ਰਭਾਵਿਤ) |

| ਕਸ਼ਮੀਰੀ | ਪੰਜਾਬੀ | ਪਸ਼ਤੋ | ਖੜੀ ਬੋਲੀ |
|---|---|---|---|
| | (ਸ਼ੌਰਸੈਨੀ ਤੋਂ ਭੀ ਪ੍ਰਭਾਵਿਤ ਕੁਝ ਵਿਦਵਾਨ ਮਹਾਂ ਰਾਸ਼ਟਰੀ ਤੋਂ ਵੀ ਪ੍ਰਭਾਵਿਤ ਦਸਦੇ ਹਨ ।) | (ਫਾਰਸੀ ਤੋਂ ਪ੍ਰਭਾਵਿਤ) | (ਸ਼ੌਰ ਸੈਨੀ ਤੋਂ ਭੀ ਪ੍ਰਭਾਵਿਤ) |

ਪੰਜਾਬੀ ਦੀ ਉਤਪੱਤੀ ਦੇ ਸੰਬੰਧ ਵਿੱਚ ਵਿਦਵਾਨਾਂ ਦੇ ਦੋ ਮੱਤ ਹਨ । ਕੁਝ ਵਿਦਵਾਨ ਕਹਿੰਦੇ ਹਨ ਕਿ ਪੰਜਾਬੀ ਦੀ ਉਤਪੱਤੀ ਸ਼ੌਰਸੈਨੀ ਪ੍ਰਾਕ੍ਰਿਤ ਤੋਂ ਹੋਈ । ਕੁਝ ਲਿਖਦੇ ਹਨ ਕਿ ਪੰਜਾਬੀ ਦੀ ਉਤਪਤੀ ਪੈਸਾਚੀ ਪ੍ਰਾਕ੍ਰਿਤ ਤੋਂ ਹੋਈ । ਪੰਜਾਬੀ ਦੇ ਵਿਦਵਾਨ ਡਾ: ਮੋਹਨ ਸਿੰਘ ਦੇ ਮਤਾਨੁਸਾਰ ਤਾਂ ਪੰਜਾਬੀ ਉਤੇ ਮਹਾਰਾਸ਼ਟ੍ਰ ਪ੍ਰਾਕ੍ਰਿਤ ਦਾ ਪ੍ਰਭਾਵ ਹੈ । ਵੱਖੋ ਵੱਖ ਵਿਦਵਾਨਾਂ ਦੇ ਵਿਚਾਰਾਂ ਨੂੰ ਗਹੁ ਨਾਲ ਵਿਚਾਰਦਿਆਂ ਹੋਇਆਂ ਅਸਾਂ ਇਸ ਸਿੱਟੇ ਤੇ ਪੁਜਣਾ ਹੈ ਕਿ ਅਸਲ ਵਿੱਚ ਪੰਜਾਬੀ ਦੀ ਉਤਪਤੀ ਕਿਹੜੀਆਂ ਪ੍ਰਾਕ੍ਰਿਤਾਂ ਤੋਂ ਹੋਈ ਹੈ । ਪ੍ਰਸਿਧ ਭਾਸ਼ਾ ਸ਼ਾਸਤ੍ਰੀ ਡਾ: ਸੁਨੀਤੀ ਕੁਮਾਰ ਚੈਟਰਜੀ ਦੇ ਮਤਾਂ ਅਨੁਸਾਰ* —

* 'ਵੇਖੋ ਇੰਡੋ ਆਰੀਅਨ ਐਂਡ ਹਿੰਦੀ' — ਡਾ: ਸੁਨੀਤੀ ਕੁਮਾਰ ਚੈਟਰਜੀ (੧੯੪੨)

ਸਾਰੇ ਉੱਤਰ ਭਾਰਤ ਵਿੱਚ ਜਦੋਂ ਪ੍ਰਾਕ੍ਰਿਤ ਜਾਂ ਪ੍ਰਾਦੇਸ਼ਿਕ ਬੋਲੀਆਂ ਪ੍ਰਚਲਤ ਹੋਈਆਂ, ਉਸ ਸਮੇਂ ਪ੍ਰਾਕ੍ਰਿਤਾਂ ਦੇ ਮੁਖ ਭੇਦ ਬ੍ਰਹਮ ਰਿਸ਼ੀ ਦੇਸ਼ ਜਾਂ ਕੁਰੂ ਪਾਂਚਾਲ ਦੀ ਪ੍ਰਾਕ੍ਰਿਤ ਸ਼ੌਰਸੈਨੀ ਸਭ ਸ੍ਰੇਸ਼ਟ ਮੰਨੀ ਜਾਂਦੀ ਸੀ—ਈ: ਸਦੀ ਦੇ ਅਰੰਭ ਤੋਂ ਸੰਸਕ੍ਰਿਤ ਦੇ ਪਿਛੋਂ ਉੱਤਰ ਵਿੱਚ ਸ਼ੌਰਸੈਨੀ ਸਭਿਯ ਸਮਾਜ ਵਿੱਚ ਬੋਲੀ ਜਾਂਦੀ ਸੀ। ਇਸਦਾ ਪ੍ਰਭਾਵ ਦੂਜੀਆਂ ਪ੍ਰਾਕ੍ਰਿਤਾਂ ਉਤੇ ਭੀ ਪਿਆ। ਭਾਸ਼ਾ ਤੱਤ੍ਰ ਦੇ ਵਿਚਾਰ ਤੋਂ ਗਰੀਅਰਸਨ ਆਦਿ ਵਿਦਵਾਨਾਂ ਨੇ ਰਾਜਸਥਾਨ, ਗੁਜਰਾਤ, ਪੰਜਾਬ ਅਤੇ ਅਵਧ ਦੀਆਂ ਪ੍ਰਾਕ੍ਰਿਤ ਬੋਲੀਆਂ ਉਤੇ ਸ਼ੌਰਸੈਨੀ ਦਾ ਵਿਸ਼ੇਸ਼ ਪ੍ਰਭਾਵ ਮੰਨਿਆ ਹੈ। ਰਾਜਸਥਾਨੀ, ਗੁਜਰਾਤੀ, ਪੰਜਾਬੀ ਅਤੇ ਅਵਧੀ ਦੇ ਵਿਕਾਸ ਵਿਚ ਸ਼ੌਰਸੈਨੀ ਨੇ ਬਹੁਤ ਹੱਥ ਵਟਾਇਆ ਹੈ।''

ਡਾ. ਸੁਨੀਤੀ ਕੁਮਾਰ ਚੈਟਰਜੀ ਤੋਂ ਇਕ ਕਦਮ ਅੱਗੇ ਵਧਦਿਆਂ ਸ੍ਰੀ ਹਰੀਔਧ ਕਹਿੰਦੇ ਹਨ—

'ਪਸ਼ਚਮੀ ਭਾਰਤ ਦੀਆਂ ਵਰਤਮਾਨ ਭਾਸ਼ਾਵਾਂ ਦਾ ਸੰਬੰਧ 'ਨਾਗਰ' ਅਪਭ੍ਰੰਸ਼ ਨਾਲ ਹੈ। ਉਸਦਾ ਹੀ ਇਕ ਰੂਪ ਸ਼ੌਰਸੈਨੀ ਹੈ ਅਤੇ ਦੂਜਾ ਅਵੰਤੀ। ਸ਼ੌਰਸੈਨੀ ਦਾ ਵਿਸਥਾਰ ਪੱਛਮੀ ਹਿੰਦੀ ਅਤੇ ਪੰਜਾਬੀ ਵਿਚ ਦੇਖਿਆ ਜਾਂਦਾ ਹੈ ਅਤੇ ਅਵੰਤੀ ਦਾ ਪ੍ਰਭਾਵ ਰਾਜਸਥਾਨੀ ਹੋਰ ਗੁਜਰਾਤੀ ਵਿੱਚ। ਕਿਹਾ ਜਾਂਦਾ ਹੈ ਕਿ ਪੰਜਾਬ ਤੋਂ ਲੈਕੇ ਨਿਪਾਲ ਤਕਦੇ ਪਹਾੜੀ ਪ੍ਰਦੇਸ਼ਾਂ ਵਿਚ ਜਿਹੜੀ ਭਾਸ਼ਾ ਇਸ ਸਮੇਂ ਬੋਲੀ ਜਾਂਦੀ ਹੈ, ਉਸ ਦਾ ਸੰਬੰਧ ਭੀ ਉਜੈਨ ਪ੍ਰਾਂਤ ਦੀ ਅਵੰਤੀ ਭਾਸ਼ਾ ਦੇ ਅਪਭ੍ਰੰਸ ਨਾਲ ਹੀ ਹੈ ਕਿਉਂਕਿ ਰਾਜਸਥਾਨੀ ਭਾਸ਼ਾਵਾਂ ਦਾ ਜਨਮਦਾਤਾ ਉਹੋ ਹੀ ਹੈ। ਰਾਜ-ਸਥਾਨੀ ਭਾਸ਼ਾਵਾਂ ਦਾ ਹੀ ਦੂਜਾ ਰੂਪ ਇਨ੍ਹਾਂ ਪਹਾੜੀ ਭਾਸ਼ਾਵਾਂ ਵਿੱਚ ਪਾਇਆ ਜਾਂਦਾ ਹੈ।'

ਇਸੇ ਤਰ੍ਹਾਂ ਡਾ. ਸੁਨੀਤੀ ਕੁਮਾਰ ਚੈਟਰਜੀ ਨੇ ਇਸ ਅਪਭ੍ਰੰਸ਼ ਭਾਸ਼ਾ ਲਈ ਕਿਹਾ ਹੈ—

'ਈਸਾ ਦੇ ਪਹਲੇ ਸੌ ਸਾਲਾਂ ਵਿਚ ਪ੍ਰਾਚੀਨ ਭਾਰਤ ਵਰਸ਼ ਵਿੱਚ ਇਕ ਨਵੀਂ ਰਾਸ਼ਟਰੀ ਜਾ ਸਾਹਿੱਤਕ ਭਾਸ਼ਾ ਹੋਂਦ ਵਿੱਚ ਆਈ। ਇਹ ਅਪਭ੍ਰੰਸ਼ ਭਾਸ਼ਾ ਸੀ, ਜਿਹੜੀ ਸ਼ੌਰਸੈਨੀ ਪ੍ਰਾਕ੍ਰਿਤ ਦਾ ਹੀ ਇਕ ਰੂਪ ਸੀ। ਅਪਭ੍ਰੰਸ਼ ਭਾਸ਼ਾ ਭਾਵ ਇਹ ਸ਼ੌਰਸੈਨੀ ਅਪਭ੍ਰੰਸ਼ ਪੰਜਾਬ ਤੋਂ ਬੰਗਾਲ ਤਕ ਅਤੇ ਨਿਪਾਲ ਤੋਂ ਮਹਾ-ਰਾਸ਼ਟਰ ਤਕ ਸਾਧਾਰਣ ਨਾਗਰਿਕ ਅਤੇ ਸਾਹਿੱਤਕ ਭਾਸ਼ਾ ਬਣੀ। ਲਗ ਭਗ ਈ: ਸੰਨ ੮੦੦ ਤੋਂ ੧੩੦੦-ਜਾਂ ੧੪੦੦ ਤਕ ਸ਼ੌਰਸੈਨੀ ਅਪਭ੍ਰੰਸ਼ ਦਾ ਪ੍ਰਚਾਰ ਕਾਲ ਸੀ। ਗੁਜਰਾਤ ਅਤੇ ਰਾਜਪੂਤਾਨੇ ਦੇ ਜੈਨੀਆਂ ਦੁਆਰਾ ਇਸ ਵਿਚ ਇਕ ਬੜਾ ਸਾਹਿੱਤ ਰਚਿਆ ਗਇਆ। ਬੰਗਾਲ ਦੇ ਪ੍ਰਾਚੀਨ ਬੁੱਧ-ਸਿੱਧ ਆਚਾਰਜ ਲੋਕ ਇਸ

ਵਿੱਚ ਪਦ-ਰਚਨਾ ਕਰਦੇ ਸਨ ਜੇਹੜੇ ਕੁਝ ਚਿਰ ਪਿਛੋਂ 'ਭੋਟ' (ਤਿਬਤੀ) ਭਾਸ਼ਾ ਵਿਚ ਉਲਥਾ ਕੀਤੇ ਗਏ । ਇਸ ਤੋਂ ਬਿਨਾਂ ਭਾਰਤ ਵਿੱਚ ਇਸ ਅਪਭ੍ਰੰਸ਼ ਵਿੱਚ ਇੱਕ ਵਡਾ ਲੋਕ ਸ ਹਿੱਤ ਰਚਿਆ ਗਇਆ । ਜਿਸ ਦੇ ਟੁੱਟੇ ਫੁੱਟੇ ਪਦ ਅਤੇ ਗੀਤ ਆਦਿ ਹੇਮ ਚੰਦਰ ਦੇ ਪ੍ਰਾਕ੍ਰਿਤ ਵਿਆਕਰਣ ਅਤੇ ਪ੍ਰਾਕ੍ਰਿਤ ਪਿੰਗਲ-ਛੰਦਾਂ ਦੇ ਗ੍ਰੰਥ ਵਿੱਚ ਮਿਲਦੇ ਹਨ । ਸ਼ੌਰਸੈਨੀ ਅਪਭ੍ਰੰਸ਼ ਦੇ ਸਨਮਾਨ ਦੇ ਕਈ ਕਾਰਣ ਸਨ । ਈ. ਦੀ ਪ੍ਰਥਮ ਸਦੀ ਦੇ ਅਖੀਰਲੇ ਦਿਨਾਂ ਵਿੱਚ ਰਾਜਪੂਤ ਰਾਜਿਆਂ ਦੀ ਸਭਾ ਵਿੱਚ ਇਹ ਭਾਸ਼ਾ ਬੋਲੀ ਜਾਂਦੀ ਸੀ ਕਿਉਂਕਿ ਇਹ ਭਾਸ਼ਾ ਉਸੇ ਸਮੇਂ ਮੱਧ ਦੇਸ਼ ਅਤੇ ਉਸ ਨਾਲ ਸੰਬੰਧਤ ਪ੍ਰਾਂਤਾਂ ਵਿੱਚ ਆਧੁਨਿਕ 'ਪਛਾਂਹ' ਵਿੱਚ ਸਾਧਾਰਣ ਤੌਰ ਤੇ ਘਰੇਗੀ ਭਾਸ਼ਾ ਦੇ ਰੂਪ ਵਿੱਚ ਵਰਤੋਂ ਵਿੱਚ ਆਉਂਦੀ ਸੀ । ਦੂਜਾ ਕਾਰਣ ਇਹ ਹੈ ਕਿ ਇਸ ਸਮੇਂ ਗੋਰਖ ਪੰਥੀ ਆਦਿ ਅਨੇਕ ਹਿੰਦੂ ਧਰਮ ਦੇ ਗੁਰੂ ਲੋਕ ਜਿਹੜੇ ਪੰਜਾਬ ਅਤੇ ਹਿੰਦੁਸਤਾਨ ਤੋਂ ਨਵ-ਜਾਗ੍ਰਤ ਹਿੰਦੂ ਧਰਮ ਦੀ ਬਾਣੀ ਲੈ ਕੇ ਭਾਰਤ ਦੇ ਦੂਜਿਆਂ ਪ੍ਰਦੇਸ਼ਾਂ ਵਿੱਚ ਗਏ, ਉਹ ਭੀ ਇਸੇ ਭਾਸ਼ਾ ਨੂੰ ਬੋਲਦੇ ਸਨ, ਇਸ ਵਿੱਚ 'ਪਦ' ਰਚਨਾ ਕਰਦੇ ਸਨ ਅਤੇ ਇਸੇ ਬੋਲੀ ਵਿੱਚ ਉਪਦੇਸ਼ ਦੇਂਦੇ ਸਨ । ਉਸੇ ਸਮੇਂ ਉੱਤਰ ਭਾਰਤ ਦੇ ਕਨੌਜੀਆਂ ਆਦਿ ਬ੍ਰਾਹਮਣ ਬੰਗਾਲ ਆਦਿ ਪ੍ਰਦੇਸ਼ ਵਿੱਚ ਬ੍ਰਾਹਮਣ ਆਚਾਰ ਵਿਚਾਰ ਤੇ ਸੰਸਕ੍ਰਿਤੀ ਲੈ ਕੇ ਪੁਜੇ । ਇਨ੍ਹਾਂ ਸਾਰਿਆ ਕਾਰਣਾ ਤੋਂ ਅਸੀਂ ਕਹ ਸਕਦੇ ਹਾਂ ਕਿ ਅਜ ਤੋਂ ਹਿੰਦੀ ਦਾ ਲਗਭਗ ਇਕ ਹਜ਼ਾਰ ਵਰ੍ਹੇ ਪਹਿਲਾਂ ਜਿਸ ਨੂੰ ਅਸੀਂ ਪੁਰ ਤਨ ਰੂਪ ਕਹ ਸਕਦੇ ਹਾਂ, ਉਹੀ ਸ਼ੌਰਸੈਨੀ ਅਪਭ੍ਰੰਸ਼ ਠੀਕ ਉਸੇ ਤਰ੍ਹਾਂ ਜਿਵੇਂ ਅਜ ਕਲ ਹਿੰਦੀ ਰਾਸ਼ਟਰ ਭਾਸ਼ਾ ਬਣੀ ਹੋਈ ਹੈ ਇਕ ਰਾਸ਼ਟਰੀ, ਸਾਹਿੱਤਕ, ਅਤੇ ਧਾਰਮਿਕ ਭਾਸ਼ਾ ਮੰਨੀ ਜਾਂਦੀ ਸੀ ।

ਉਪੋਕਤ ਵਿਦਵਾਨਾਂ ਦੀਆਂ ਉਦਾਹਰਣਾਂ ਤੋਂ ਅਸੀਂ ਇਸ ਸਿੱਟੇ ਤੇ ਪੁਜਦੇ ਹਾਂ ਕਿ ਕਿਸ ਤਰ੍ਹਾਂ ਹੌਲੀ ਹੌਲੀ ਵੈਦਿਕ, ਸੰਸਕ੍ਰਿਤ ਰੂਪ ਵਟਾਂਦੀ ਹੋਈ ਆਧੁਨਿਕ ਪ੍ਰਾਂਤੀ ਭਾਸ਼ਾਵਾਂ ਦੇ ਰੂਪ ਵਿੱਚ ਪੁਜੀ । ਉਪ੍ਰੋਕਤ ਵਿਦਵਾਨਾਂ ਦੇ ਮਤਾਂ ਅਨੁਸਾਰ ਪੰਜਾਬੀ ਸ਼ੌਰਸੈਨੀ ਤੋਂ ਹੀ ਭਰਿਸ਼ਟ ਹੋ ਕੇ ਬਣੀ ਹੈ । ਇਹੋ ਵਿਚਾਰ ਹੀ ਪ੍ਰਸਿੱਧ ਭਾਸ਼ਾ ਸ਼ਾਸਤ੍ਰੀ ਜਾਰਜ ਗਰੀਅਰਸਨ ਦਾ ਭੀ ਹੈ* । ਉਨ੍ਹਾਂ ਦੇ ਮਤ ਅਨੁਸਾਰ ਭੀ ਪੰਜਾਬੀ ਸ਼ੌਰਸੈਨੀ ਦਾ ਹੀ ਵਿਗੜਿਆ ਹੋਇਆ ਰੂਪ ਹੈ ।

ਦੂਜੇ ਮਤ ਦੀ ਕਈ ਵਿਦਵਾਨ ਪੁਸ਼ਟੀ ਕਰਦੇ ਹਨ । ਡਾ: ਅਮਰ ਜੀ ਭੰਡਾਰਕਰ ਦੇ ਮਤ ਅਨੁਸਾਰ ਪੈਸਾਚੀ ਪ੍ਰਾਕ੍ਰਿਤ ਆਰੀਆ ਜਾਤੀ ਦੇ ਉਸ ਕਬੀਲੇ ਦੀ ਭਾਸ਼ਾ ਹੈ ਜਿਹੜੀ ਆਪਣੀ ਜਾਤੀ ਵਾਲਿਆਂ ਦੇ ਨਾਲ ਢੇਰ ਚਿਰ ਤਕ ਰਹੀ । ਮੈਦਾਨੀ ਪਹਾੜੀ, ਜਾਂ ਜੰਗਲਾਂ ਦੀ ਬੋਲੀ ਵਿੱਚ ਭੀ ਕਾਫ਼ੀ ਭੇਦ ਹੈ । ਇਸੇ ਕਰਕੇ

---

* 'ਲਿੰਗਵਿਸਟਿਕ ਸਰਵੇ ਆਫ਼ ਇੰਡੀਆ' ਜਿਲਦ ੯, ਚੈਪਟਰ ੧ – ਗ੍ਰੀਅਰਸਨ ।

ਪੈਸਾਚੀ ਅਤੇ ਦੂਜੀਆਂ ਪ੍ਰਾਕ੍ਰਿਤਾਂ ਵਿੱਚ ਭੀ ਫ਼ਰਕ ਹੈ। ਪੰਜਾਬ ਦੇ ਨਿਵਾਸੀਆਂ ਦੇ ਨਾਲ ਭੀ ਉਤਨੀ ਦਲੀਲ ਠੀਕ ਢੁਕਦੀ ਹੈ। ਇਸ ਕਰਕੇ ਉਨ੍ਹਾਂ ਦੀ ਭਾਸ਼ਾ ਉੱਤੇ ਭੀ ਖਬਰੇ ਪੈਸਾਚੀ ਪ੍ਰਾਕ੍ਰਿਤ ਦਾ ਵਧੇਰਾ ਪ੍ਰਭਾਵ ਜਾਪਦਾ ਹੈ। ਪੈਸਾਚੀ ਭਾਸ਼ਾ ਦੇ ਕਈ ਸ਼ਬਦ ਪੰਜਾਬੀ ਵਿੱਚ ਪ੍ਰਾਪਤ ਹੁੰਦੇ ਹਨ।

ਉਪਾਧਿਆਇ ਜੀ ਦੇ ਮਤ ਅਨੁਸਾਰ ਪਿਸਾਚੀ ਭਾਸ਼ਾ ਉਸ ਆਰੀਆ ਦਲ ਦੀ ਭਾਸ਼ਾ ਹੈ, ਜਿਹੜੇ ਉੱਤਰ ਵਲੋਂ ਆਏ ਅਤੇ ਉਹ ਆਰੀਆ ਦੇ ਦੂਜੇ ਦਲ ਦੇ ਲੋਕ ਸਨ, ਜਿਹੜੇ ਕੁਝ ਕਾਲ ਪਿੱਛੋਂ ਆਏ। ਇਹ ਲੋਕ ਅਗੇ ਨਹੀਂ ਵਧੇ। ਇਥੇ ਹੀ ਆ ਕੇ ਵਸ ਗਏ; ਇਸੇ ਕਰਕੇ ਸ਼ਾਇਦ ਮੱਧ ਦੇਸ਼ ਦੇ ਲੋਕ ਇਨ੍ਹਾਂ ਨੂੰ ਪਿਸਾਚ ਕਹਣ ਲੱਗ ਪਏ ਹੋਣ। ਵਿਦਵਾਨਾਂ ਨੇ ਪਿਸਾਚੀ ਦੇ ਦੋ ਮੁਖ ਰੂਪ ਮੰਨੇ ਹਨ: (੧) ਸ਼ੁੱਧ ਪੈਸ਼ਾਚੀ, (੨) ਮਿਸ਼੍ਰਿਤ ਪਿਸ਼ਾਚੀ। ਸ਼ੁੱਧ ਪੈਸ਼ਾਚੀ ਦੇ ਸੱਤ ਭੇਦ ਹਨ: (੧) ਕੈਕੇਯ, (੨) ਸ਼ੌਰਸੈਨੀ, (੩) ਪਾਚਾਰ, (੪) ਗੌੜ, (੫) ਮਾਗਧੀ, (੬) ਬ੍ਰਾਚੜ, (੭) ਪੈਸ਼ਾਚਕ, (ਸੂਖਸ਼ਮ ਭੇਦ)*।

ਸ੍ਰੀ ਹਾਰਨੇਲ (Gramnar of the Eastern Hindi) (੧੮ ੦ ਈ:) ਦਾ ਮਤ ਹੈ ਕਿ ਆਰੀਆਂ ਦੇ ਭਾਰਤ ਵਿੱਚ ਦੋ ਟੋਲੇ ਆਏ। ਇੱਕ ਪਹਲਾਂ ਤੇ ਦੂਜਾ ਕੁਝ ਸਮੇਂ ਪਸ਼ਚਾਤ। ਜਿਹੜਾ ਦਲ ਪਹਲਾਂ ਆਇਆ ਉਹ ਮਧ ਦੇਸ਼ ਵਿੱਚ ਉੱਥੇ ਹੀ ਆ ਕੇ ਵਸ ਗਇਆ। ਇਸ ਦਲ ਤੋਂ ਪਿੱਛੋਂ ਜਿਹੜਾ ਦੂਜਾ ਦਲ ਸੀ, ਉਹ ਪਹਲੇ ਦਲ ਨਾਲੋਂ ਵਧੇਰੇ ਸ਼ਕਤੀਵਾਨ ਸੀ। ਇਸ ਕਰਕੇ ਉਨ੍ਹਾਂ ਨੇ ਆਪਣੇ ਹੀ ਪਹਲੇ ਕੌਮੀ ਦਲ ਨੂੰ ਮਧ ਦੇਸ਼ 'ਚੋਂ ਬਾਹਿਰ ਕੱਢ ਦਿੱਤਾ। ਮਧ ਦੇਸ਼ 'ਚੋਂ ਕੱਢੇ ਗਏ ਆਰੀਏ ਆਲੇ ਦੁਆਲੇ ਹੀ ਵਸ ਗਏ। ਪਿਛਲੇਰੇ ਆਰੀਆਂ ਮੱਧ ਦੇਸ਼ ਵਿੱਚ ਵਸ ਜਾਣ ਕਰਕੇ 'ਅੰਤਰੰਗ' ਭਾਵ ਅੰਦਰਲੇ, ਕੇਂਦਰੀ ਅਤੇ ਪਹਲਾਂ ਆਏ ਹੋਏ ਆਰੀਆਂ 'ਬਰਿਹੰਗ' ਭਾਵ ਬਾਹਰਲੇ ਸਦਾਉਣ ਲੱਗ ਪਏ। ਅੰਦਰਲੇ ਆਰੀਆਂ ਵਿੱਚ ਹੀ ਵੈਦਿਕ ਸੰਸਕ੍ਰਿਤ ਅਤੇ ਬ੍ਰਾਹਮਣ ਕਾਲ ਦੇ ਵਿਚਾਰਾਂ ਦਾ ਵਧੇਰਾ ਵਿਕਾਸ ਹੋਇਆ। ਅੰਦਰਲੇ ਆਰੀਆਂ ਦੀਆਂ ਭਾਸ਼ਾਵਾਂ ਵਿੱਚ ਪੱਛਮੀ ਹਿੰਦੀ, ਪੂਰਬੀ ਪਹ:ੜੀ, ਮੱਧ ਪਹਾੜੀ, ਪੰਜਾਬੀ, ਰਾਜਸਥਾਨੀ, ਗੁਜਰਾਤੀ ਅਤੇ ਪੱਛਮੀ ਪਹਾੜੀ ਆਉਂਦੀਆਂ ਹਨ। ਬਾਹਰਲੇ ਆਰੀਆਂ ਦੀਆਂ ਭਾਸ਼ਾਵਾਂ ਵਿਚ ਮਰਾਠੀ, ਉੜੀਆ, ਬਿਗਰੀ, ਬੰਗਾਲੀ, ਆਸਾਮੀ, ਸਿਧੀ ਅਤੇ ਪੱਛਮੀ ਪੰਜਾਬੀ ਆਉਂਦੀਆਂ ਹਨ। ਇਸ ਸਿੱਧਾਂਤ ਨੂੰ ਵਧੇਰੇ ਕਰਕੇ ਸਾਰੇ ਹੀ ਭਾਸ਼ਾ ਸ਼ਾਸਤ੍ਰੀ ਆਚਰ ਦੀ ਦ੍ਰਿਸ਼ਟੀ ਨਾਲ ਦੇਖਦੇ ਹਨ ਅਤੇ ਆਪਣਾ ਮੱਤ ਪੱਕਾ ਬਣਾਉਂਦੇ ਹਨ।

---

* ਵਿਸਥਾਰ ਲਈ ਵੇਖੋ '**ਸ਼ਬਦ ਚਮਤਕਾਰ**' ਪ੍ਰੋ: ਰਾਮ ਸਿੰਘ ਪੰਨਾ ੨੯੨-੨੯੩।

ਉਤੇ ਅਸੀਂ ਦੇਖਿਆ ਹੈ ਕਿ ਕੁਝ ਵਿਦਵਾਨਾਂ ਦੇ ਮਤ ਅਨੁਸਾਰ ਪੰਜਾਬੀ ਦਾ ਨਿਕਾਸ ਸ਼ੌਰਸੈਨੀ ਤੋਂ ਹੋਇਆ। ਕੁਝ ਵਿਦਵਾਨ ਇਸ ਦਾ ਸੰਬੰਧ ਪੈਸ਼ਾਚੀ ਨਾਲ ਜੋੜ ਦੇਂਦੇ ਹਨ। ਇਸਦੇ ਨਾਲ ਹੀ ਡਾ. ਮੋਹਨ ਸਿੰਘ ਆਪਣਾ ਇੱਕ ਅਡਰਾ ਹੀ ਮੱਤ ਪ੍ਰਗਟ ਕਰਦੇ ਹਨ — ਕਿ ਪੰਜਾਬੀ ਉਤੇ ਮਹਾਰਾਸ਼ਟ੍ਰ ਪ੍ਰਾਕ੍ਰਿਤ ਦਾ ਭੀ ਵਧੇਰੇ ਪ੍ਰਭਾਵ ਹੈ।* ਉਤਲੇ ਵਿਚਾਰਾਂ ਦਾ ਗਹੁ ਨਾਲ ਅਧਿਐਨ ਕਰਕੇ ਅਸੀਂ ਇਸ ਸਿੱਟੇ ਤੇ ਪੁਜਦੇ ਹਾਂ ਕਿ ਪੱਛਮੀ ਪੰਜਾਬ ਵੱਲ ਤਾਂ ਜਿੱਥੇ ਅੰਦਰਲੇ ਆਰੀਆਂ ਦਾ ਨਿਵਾਸ ਰਿਹਾ, ਪੰਜਾਬੀ ਉਤੇ ਪਿਸ਼ਾਚੀ ਪ੍ਰਾਕ੍ਰਿਤ ਦਾ ਪ੍ਰਭਾਵ ਪਿਆ। ਇਸ ਪ੍ਰਦੇਸ਼ ਵਿੱਚ ਲਹਿੰਦੀ ਜਿਹੜੀ ਕਿ ਸਰਹੱਦੀ ਸੂਬੇ ਦੀ ਬੋਲੀ ਸੀ ਵੀ ਸੰਮਿਲਤ ਹੈ। ਪ੍ਰਸਿੱਧ ਭਾਸ਼ਾ ਸ਼ਾਸਤ੍ਰੀ ਗਰੀਅਰਸਨ ਨੇ ਪੰਜਾਬੀ ਤੋਂ ਲਹਿੰਦੀ ਨੂੰ ਬਿਲਕੁਲ ਨਿਖੇੜ ਦਿੱਤਾ ਹੈ ਜਿਹੜਾ ਕਿ ਪ੍ਰਾਮਾਣਿਕ ਪ੍ਰਤੀਤ ਨਹੀਂ ਹੁੰਦਾ। ਅਸਲ ਵਿੱਚ ਲਹਿੰਦੀ ਪੰਜਾਬੀ ਦੀ ਇੱਕ ਉਪ-ਭਾਖਾ ਹੈ। ਲਹਿੰਦੀ ਦਾ ਭਾਵ ਹੈ – ਸੂਰਜ ਦਾ ਲਹਿੰਦਾ ਪਾਸਾ-ਭਾਵ ਪੱਛਮ। ਹੇਠਾਂ ਅਸੀਂ ਮੁਲਤਾਨ ਦੇ ਕਵੀ ਅਲੀ ਹੈਦਰ ਦੀ ਇੱਕ ਸੀਹਰਫ਼ੀ ਦਿੰਦੇ ਹਾਂ, ਜਿਹੜੀ ਕਿ ਲਹਿੰਦੀ ਉਪ-ਭਾਖਾ ਦੀ ਹੈ। ਪਾਠਕ ਆਪ ਹੀ ਸਿਟਾ ਜਾਂ ਨਿਰਣਯ ਕਰ ਲੈਣ ਕਿ ਲਹਿੰਦੀ ਪੰਜਾਬੀ ਦੇ ਨੇੜੇ ਦੀ ਹੀ ਨਹੀਂ, ਸਗੋਂ ਪੰਜਾਬੀ ਦਾ ਹੀ ਇੱਕ ਨਿੱਗਰ ਅੰਗ ਹੈ।

—'ਤੋਏ ਤਲਬ ਮੈਂਡੀ ਹਕ ਪਾਕ ਵੱਲੋਂ
ਤੋੜੇ ਨਾਲ ਗੁਨਾਹਾਂ ਦੇ ਹੱਟੀ ਹਾਂ ਮੈਂ।
—ਮੱਖਣੇ ਦੇ ਹਮਸਾਈ ਹਾਂ ਮੈਂ,
ਤੋੜੇ ਛਾਹ ਨਿਮਾਨੜੀ ਖੱਟੀ ਹਾਂ ਮੈਂ।
—ਅਲੀ ਹੈਦਰ ਜਾਨ ਸ਼ਰਾਬ ਦੀ ਹਾਂ,
ਤੈਂਡੀ ਖ਼ਾਕ ਨਿਮਾਣੀ ਦੀ ਮਿਟੀ ਹਾਂ ਮੈਂ।

ਉਤਲੀ ਸੀ ਹਰਫ਼ੀ ਤੋਂ ਅਸੀਂ ਇਸ ਸਿੱਟੇ ਉੱਤੇ ਪੁਜਦੇ ਹਾਂ ਕਿ ਲਹਿੰਦੀ ਪੰਜਾਬ ... ਹੈ। ਲਹਿੰਦੀ ਨੂੰ ਵਧੇਰੇ ਵਿਦਵਾਨ ਪੈਸ਼ਾਚੀ ਮੰਨਦੇ ਹਨ, ਜਿਹੜੀ ਕਿ ਅੰਦਰਲੇ ਆਰੀਆਂ ਦੀ ਭਾਸ਼ਾ ਸੀ। ਇਸ ਕਰ ਕੇ ਨਿਸਚੈ ਹੀ ਹੈ ਕਿ ਪੱਛਮੀ ਪੰਜਾਬ ਵਿੱਚ ਬੋਲੀ ਜਾਣ ਵਾਲੀ ਪੰਜਾਬੀ ਉਤੇ ਪੰਜਾਬੀ ਦਾ ਵਧੇਰਾ ਪ੍ਰਭਾਵ ਸੀ।

ਜਿਹੜਾ ਡਾ: ਮੋਹਨ ਸਿੰਘ ਦਾ ਕਥਨ ਕਿ ਮਹਾਰਾਸ਼ਟ੍ਰੀ ਪ੍ਰਾਕ੍ਰਿਤ ਦਾ ਵੀ ਪੰਜਾਬੀ ਉਤੇ ਪ੍ਰਭਾਵ ਹੈ, ਪ੍ਰਾਮਾਣਿਕ ਨਹੀਂ ਜਾਪਦਾ ਕਿਉਂਕਿ ਜੇਕਰ ਪੰਜਾਬੀ ਵਿੱਚ ਕਿਤੇ ਕਿਤੇ ਕੁਝ ਇਹੋ ਜਿਹੇ ਸ਼ਬਦ ਮਿਲ ਵੀ ਜਾਣ ਜਿਹਨਾਂ ਤੇ ਮਹਾਰਾਸ਼ਟਰੀ

* ਦੇਖੋ 'ਸਾਹਿਤ ਸਰੋਵਰ' — ਪੰਨਾ ੧੨ — ਡਾ. ਮੋਹਨ ਸਿੰਘ ਐਮ. ਏ., ਪੀ.-ਐਚ, ਡੀ.

ਪ੍ਰਾਕ੍ਰਿਤ ਦਾ ਸਮਾਨ ਪ੍ਰਭਾਵ ਪੰਜਾਬੀ ਉਤੇ ਹੈ, ਇਹ ਅਢੁਕਵਾਂ ਜਿਹਾ ਪ੍ਰਤੀਤ ਹੁੰਦਾ ਹੈ। ਮਹਾਰਾਸ਼ਟਰੀ ਪ੍ਰਾਕ੍ਰਿਤ ਵਿੱਚ 'ਲਿਆਉਣ' ਦੇ ਅਰਥ ਲਈ 'ਘੇਨਾ' ਸ਼ਬਦ ਵਰਤਿਆ ਜਾਂਦਾ ਹੈ। ਪੰਜਾਬ ਦੇ ਜ਼ਿਲਾ ਮੁਲਤਾਨ, ਬਹਾਵਲਪੁਰੀ ਜਾਂ ਸਿੰਧੀ ਵਿੱਚ ਇਸੇ ਸ਼ਬਦ ਨੂੰ 'ਘਿੰਨ' ਕਰਕੇ ਬੋਲਦੇ ਹਨ ! ਇਸੇ ਤਰ੍ਹਾਂ ਇਸਤ੍ਰੀ ਦੇ ਅਰਥ ਵਿੱਚ ਮਹਾਰਾਸ਼ਟਰੀ ਪ੍ਰਾਕ੍ਰਿਤ ਦਾ 'ਰਨੂ' ਸ਼ਬਦ ਪੰਜਾਬੀ ਵਿੱਚ 'ਰੰਨ' ਕਰਕੇ ਵਰਤੀਂਦਾ ਹੈ। ਇਹੋ ਜਿਹੇ ਹੀ ਉਂਗਲੀਆਂ ਉੱਤੇ ਗਿਣੇ ਜਾ ਸਕਣ ਵਾਲੇ ਸ਼ਬਦ ਹੋਰ ਵੀ ਮਿਲ ਜਾਣਗੇ ਜਿਨ੍ਹਾਂ ਦੇ ਆਧਾਰ ਉਤੇ ਇਹ ਕਹਿ ਦੇਣਾ ਕਿ ਮਹਾਰਾਸ਼ਟਰੀ ਪ੍ਰਾਕ੍ਰਿਤ ਦਾ ਭੀ ਪ੍ਰਭਾਵ ਪੰਜਾਬੀ ਉਤੇ ਹੈ ਇੱਕ ਅਯੋਗ ਜਿਹੀ ਦਲੀਲ ਜਾਪਦੀ ਹੈ।

ਬਾਹਰਲੇ ਆਰੀਆ ਜਿਹੜੇ ਕਿ ਪੰਜਾਬ ਦੇ ਪੂਰਬੀ ਭਾਗ ਵਿੱਚ ਵਸੇ, ਉਹਨਾਂ ਦੀ ਭਾਸ਼ਾ ਉਤੇ ਸ਼ੋਰਸੈਨੀ ਦਾ ਪ੍ਰਭਾਵ ਹੈ। ਸ਼ੋਰਸੈਨੀ ਪ੍ਰਾਕ੍ਰਿਤ ਦੇ ਅਨੇਕਾਂ ਸ਼ਬਦ ਪੰਜਾਬੀ ਵਿੱਚ ਪ੍ਰਚਲਿਤ ਹਨ। ਪੰਜਾਬੀ ਦੇ ਪ੍ਰਸਿੱਧ ਵਿਦਵਾਨਾਂ ਦੀ ਵਧੇਰੇ ਗਿਣਤੀ ਇਸੇ ਮਤ ਨੂੰ ਮੰਨਦੀ ਹੈ। ਪੰਜਾਬੀ ਵਿੱਚ ਜਿਹੜੀਆਂ ਥੋਹੜੀਆਂ ਜਿਹੀਆਂ ਤਬਦੀਲੀਆਂ ਹੋ ਗਈਆਂ ਹਨ, ਉਹ ਇਸ ਪ੍ਰਕਾਰ ਹਨ। ਰਕਤ ਤੋਂ ਰੱਤ, ਸਪਤ ਤੋਂ ਸੱਤ, ਅਸ਼ਟ ਤੋਂ ਅੱਠ, ਮਨੁੱਸ਼ ਤੋਂ ਮਨੁੱਖ, ਹਸਤ ਤੋਂ ਹਥ ਆਦਿ।

ਅਸੀਂ ਇਸ ਸਿੱਟੇ ਤੇ ਪੁਜਦੇ ਹਾਂ ਕਿ ਪੰਜਾਬੀ ਉਤੇ ਜਿਤਨਾ ਪ੍ਰਭਾਵ ਪੈਸ਼ਾਚੀ ਪ੍ਰਾਕ੍ਰਿਤ ਦਾ ਹੈ, ਉਤਨਾ ਹੀ ਲਗ ਭਗ ਸ਼ੋਰਸੈਨੀ ਦਾ। ਸੋ ਇਹ ਮੰਨ ਲੈਣਾ ਹੀ ਪ੍ਰਮਾਣੀਕ ਅਤੇ ਨਿਆਏ ਪੂਰਤ ਹੋਵੇਗਾ ਕਿ ਪੰਜਾਬੀ ਉਤੇ ਦੋਵਾਂ ਪ੍ਰਾਕ੍ਰਿਤਾਂ--ਸ਼ੋਰਸੈਨੀ ਅਤੇ ਪੈਸਾਚੀ ਦਾ ਸਮਾਨ ਪ੍ਰਭਾਵ ਹੈ। ਕਿਸੇ ਸਮੇਂ ਜਿਸ ਤਰ੍ਹਾਂ ਵੈਦਿਕ ਭਾਸ਼ਾ ਵਿੱਚ ਸਾਹਿੱਤ ਰਚਨਾ ਹੋਈ ਉਸੇ ਤਰ੍ਹਾਂ ਕੁਝ ਕਾਲ ਉਪਰਾਂਤ ਵੱਖੋ ਵੱਖ ਪ੍ਰਾਕ੍ਰਿਤਾਂ ਵਿੱਚ ਭੀ ਸਾਹਿੱਤ ਲਿਖਿਆ ਜਾਣ ਲਗਾ। ਇਹ ਨਿਸਚੈ ਹੈ ਕਿ ਵਧੇਰੇ ਕਰਕੇ ਦੇਸ਼ ਵਿੱਚ ਦੋ ਭਾਸ਼ਾਵਾਂ ਪ੍ਰਚਲਿਤ ਰਹੀਆਂ, ਇੱਕ ਨਾਗਰਿਕ ਜਾਂ ਸਾਹਿੱਤਕ ਭਾਸ਼ਾ, ਅਤੇ ਦੂਜੀ ਲੌਕਿਕ ਭਾਸ਼ਾ ਜਦੋਂ ਸਾਹਿੱਤਕ ਭਾਸ਼ਾ ਅਪਭ੍ਰੰਸ਼ ਬਣ ਗਈ ਸੀ।

ਪ੍ਰਾਕ੍ਰਿਤ ਭਾਸ਼ਾਵਾਂ ਦੇ ਵਿਗੜੇ ਹੋਏ ਰੂਪ ਨੂੰ ਹੀ ਅਪਭ੍ਰੰਸ਼ ਨਾਉਂ ਨਾਲ ਹੀ ਸਦਿਆ ਜਾਣ ਲਗਾ। ਪਹਿਲੀ ਸ਼ਤਾਬਦੀ ਦੇ ਵਿਦਵਾਨ ਪਾਤੰਜਲੀ ਨੇ ਅਪਣੇ 'ਮਹਾਂ ਭਾਸ਼ਯ' ਵਿੱਚ ਸਭ ਤੋਂ ਪਹਿਲਾਂ ਅਪਭ੍ਰੰਸ਼ ਦਾ ਉਲੇਖ ਕੀਤਾ ਹੈ। ਉਹ ਅਪਭ੍ਰੰਸ਼ ਦੇ ਲੱਛਣ ਦਸਦੇ ਹੋਏ ਲਿਖਦੇ ਹਨ ਕਿ 'ਅਪਭ੍ਰੰਸ਼ ਉਹ ਸ਼ਬਦ ਹੈ, ਜਿਸ ਦੇ ਕਈ ਪ੍ਰਕਾਰ ਦੇ ਉਚਾਰਣ ਅਤੇ ਰੂਪ ਹੋਣ।' ਅਪਭ੍ਰੰਸ਼ ਹੀ ਆਧੁਨਿਕ ਪ੍ਰਾਂਤਿਕ ਭਾਸ਼ਾਵਾਂ ਦੀ ਮਾਂ ਹੈ। ਅਭੀਰ ਭਾਸ਼ਾ, ਪਿਸ਼ਾਚ ਭਾਸ਼ਾ, ਭੂਤ ਭਾਸ਼ਾ, ਅਵਹਟ ਭਾਸ਼ਾ, ਜਟਕੀ ਇਤਿਆਦਿ ਪੰਜਾਬ ਦੀਆਂ ਅਪਭ੍ਰੰਸ਼ ਭਾਸ਼ਾਵਾਂ ਦੇ ਨਾਉਂ ਹਨ।

ਉਤੇ ਅਸਾਂ ਪਾਤੰਜਲੀ ਦੀਆਂ ਅਪਭ੍ਰੰਸ਼ ਭਾਸ਼ਾਵਾਂ ਦੇ ਸੰਬੰਧ ਵਿੱਚ ਵਿਆਖਿਆ ਦਿੰਦੇ ਹੋਏ ਕਿਹਾ ਸੀ ਕਿ ਅਪਭ੍ਰੰਸ਼ ਉਹ ਸ਼ਬਦ ਹੁੰਦੇ ਹਨ, ਜਿੰਨ੍ਹਾਂ ਦੇ ਕਈ ਰੂਪ ਅਤੇ ਕਈ ਉਚਾਰਣ ਹੋਣ। ਜੇ ਕਰ ਅਸੀਂ ਪ੍ਰਾਂਤਿਕ ਬੋਲੀਆਂ ਦੇ ਲੱਛਣ ਦਸੀਏ ਤਾਂ ਭੀ ਸਾਨੂੰ ਉਪ੍ਰੋਕਤ ਵਿਆਖਿਆ ਨੂੰ ਹੀ ਦੁਹਰਾਣਾ ਪਵੇਗਾ। ਮੇਰਾ ਆਪਣਾ ਵਿਚਾਰ ਹੈ ਕਿ ਬੋਲੀਆਂ ਦਾ ਮੁਖ ਭੇਦ ਉਚਾਰਣ ਹੀ ਹੈ। ਪੰਜਾਬੀ ਵਿੱਚ ਕੁਝ ਸ਼ਬਦਾਂ ਦਾ ਉਚਾਰਣ ਭਿੰਨ ਹੈ। ਜਿਹਾ ਕੇ ਦੂਜੀਆਂ ਬੋਲੀਆਂ ਵਿੱਚ ਨਹੀਂ। ਘ, ਝ, ਢ, ਧ, ਅਤੇ ਭ ਦਾ ਉਚਾਰਣ ਵੱਖੋ ਵੱਖ ਥਾਵਾਂ ਉਤੇ ਬਦਲਦਾ ਰਹਿੰਦਾ ਹੈ, ਜਿਵੇਂ—

ਘੋੜਾ, ਘੱੜਾ, ਘਗਰਾ } ਘ, ਦਾ ਉਚਾਰਣ ਗ, ਨਾਲ ਹੁੰਦਾ ਹੈ। ਪਰ ਪੈਰੀਂ ਹ, ਵਾਂਗ ਆਵਾਜ਼ ਮਿਲਵੀਂ ਹੈ।

ਬੱਘੀ, ਬਾਘ, ਬਘਿਆੜ, } ਇਥੇ ਉਚਾਰਣ ਦੀ ਹੋਰ ਵਿਸ਼ੇਸ਼ਤਾ ਹੈ, ਜਿਸ ਵਿਚ ਘ, ਦੀ ਆਵਾਜ਼ ਭਰਵੀਂ ਹੈ।

ਝਗੜਾ, ਝਾੜ, } ਝ, ਦਾ ਉਚਾਰਣ ਜ, ਨਾਲ ਹੁੰਦਾ ਹੈ। ਪਰ ਪੈਰੀਂ ਹ, ਵਾਂਗ ਉਚਾਰਣ ਮਿਲਦਾ ਹੈ।

ਬੁਝ, ਗੰਝਾ, ਬੁਝਾਉਣਾ, } ਝ, ਦੀ ਆਵਾਜ਼ ਭਰਵੀਂ ਆਉਂਦੀ ਹੈ।

ਢੋਲ, ਢੇਰ, } ਢ, ਦਾ ਉਚਾਰਣ ਡ, ਨਾਲ ਹੁੰਦਾ ਹੈ। ਪਰ ਹ, ਪੈਰੀਂ ਹੋਣ ਵਾਲੀ ਆਵਾਜ਼ ਹੁੰਦੀ ਹੈ।

ਬੁੱਢਾ, ਕੋਹੜ, ਬੁਢੇਪਾ } ਢ, ਦੀ ਆਵਾਜ਼ ਭਰਵੀਂ ਆਉਂਦੀ ਹੈ

ਧੋਬੀ, ਧਮਕੀ, } ਧਾ, ਦਾ ਉਚਾਰਣ ਦ ਦੇ ਪੈਰਾਂ ਵਿੱਚ ਹ, ਨਾਲ ਜੁੜਵਾਂ ਹੈ।

ਅੰਧਾ, ਕਿੱਧਰ, ਵਧਾਈ, ਸੁਧਾਰ } ਧ, ਦੀ ਆਵਾਜ਼ ਭਰਵ

ਭਾਈ, ਭਗਤ, ਭਾਬੀ } ਭ, ਦਾ ਉਚਾਰਣ ਪ, ਦੇ ਪੈਰੀਂ ਹ, ਜੁੜਨ ਵਾਂਗ ਮਿਲਵਾਂ ਹੈ।

ਲਾਭ, ਗਰਭ, ਸੰਭਾਲ } ਆਵਾਜ਼ ਭ ਦੀ ਭਰਵੀਂ ਹੈ।

ਇਹੋ ਹੀ ਨਹੀਂ ਪੰਜਾਬੀ ਦੇ ਅਨੇਕ ਵਿਦਵਾਨਾਂ ਨੇ ਉਚਾਰਣਾਂ ਦੇ ਸੰਬੰਧ ਵਿੱਚ ਨਿਖੇੜਵੀਂ ਖੋਜ ਕੀਤੀ ਹੈ, ਜਿਹੜੀ ਕਿ ਪ੍ਰਾਮਾਣਿਕ ਕਹੀ ਜਾ ਸਕਦੀ ਹੈ। ਵਿਸ਼ੇਸ਼ ਕਰਕੇ ਲੁਧਿਆਣੇ ਦੇ ਈਸਾਈ ਪਾਦਰੀਆਂ ਨੇ* ਪੰਜਾਬੀ ਸ਼ਬਦ ਕੋਸ਼ ਅਤੇ ਵਿਆਕਰਣ ਪ੍ਰਕਾਸ਼ਤ ਕੀਤੇ ਜਿਨ੍ਹਾਂ ਵਿੱਚ ਉਚਾਰਣਾਂ ਦੀ ਸਹੀ ਵਿਆਖਿਆ ਕਰਨ ਦਾ ਯਤਨ ਕੀਤਾ, ਪਰ ਉਹ ਪੂਰਨ ਤਰੀਕੇ ਨਾਲ ਸਫ਼ਲ ਨਹੀਂ ਹੋ ਸਕੇ। ਸੰਨ ੧੮੭੨ ਈ: ਵਿੱਚ ਜੋਨਬੀਮਜ਼ (John Beams) ਨਾਂ ਦੇ ਅੰਗਰੇਜ਼ ਵਿਦਵਾਨ ਨੇ A Comparative Grammrer of the Modren Aryan Lauguages ਲਿਖੀ, ਜਿਸ ਵਿੱਚ ਹਿੰਦੀ, ਸਿੰਧੀ, ਗੁਜਰਾਤੀ, ਪੰਜਾਬੀ ਮਾਰਠੀ, ਅਤੇ ਬੰਗਾਲੀ ਆਦਿ ਬੋਲੀਆਂ ਦਾ ਤੁਲਨਾਤਮਕ ਵਿਆਕਰਣ ਬਨਾਇਆ ਅਤੇ ਉਚਾਰਣਾਂ ਸੰਬੰਧੀ ਵੀ ਕਈ ਘੁੰਡੀਆਂ ਖੋਹਲੀਆਂ, ਸੰਨ ੧੮੮੭ ਈ. ਵਿੱਚ ਮਿਸਟਰ ਟਿਸਡਲ (Tissdell) ਨੇ ਪੰਜਾਬੀ ਵਿਆਕਰਣ ਛਪਾਇਆ, ਇਸ ਵਿੱਚ ਉਚਾਰਣਾਂ ਸੰਬੰਧੀ ਬਹੁਤ ਹੀ ਚਾਨਣਾ ਪਾਇਆ। ਇਸੇ ਤਰ੍ਹਾਂ ੧੮੮੮ ਵਿੱਚ ਫੈਗਨ (Fagon) ਨ 'ਹਿਸਾਰ ਗਜ਼ੇਟੀਅਰ' ਵਿੱਚ ਉਚਾਰਣਾਂ ਦੇ ਸੰਬੰਧ ਵਿੱਚ ਲਿਖਿਆ ਸੰਨ. ੧੯੨੪ ਵਿੱਚ ਡਾ. ਗ੍ਰਾਹਮ ਬੇਲੀ ਨੇ 'ਪੰਜਾਬੀ ਫੋਨੇਟਿਕ ਰੀਡਰ' ਵਿੱਚ ਕਾਫ਼ੀ ਗੋਹਝ ਨਾਲ ਲਿਖਿਆ। ਵਿਸਤਾਰ ਨਾਲ ਵਿਚਾਰਨ ਅਤੇ ਅਧਿਐਨ ਕਰਨ ਲਈ ਇਹ ਪੁਸਤਕਾਂ ਬਹੁਤ ਹੀ ਲਾਭਦਾਇਕ ਹਨ। ਭਾਰਤੀ ਵਿਦਵਾਨਾਂ ਵਿੱਚ ਡਾ. ਸੁਨੀਤੀ ਕੁਮਾਰ ਚਟਰਜੀ, ਪ੍ਰੋ. ਪੀ. ਡੀ ਗੁਨੇ, ਡਾ. ਤਰਮਰੇ, ਪ੍ਰੋ. ਕਾਤਰੇ, ਡਾ. ਸਿਧੇਸ਼ਵਰ ਵਰਮਾ, ਡਾ. ਧੀਰੇਂਦਰ ਵਰਮਾ, ਨਲਿਨੀ ਮੋਹਨ ਸਾਨਿਆਲ, ਅਚਾਰਯ ਸ਼ਾਮ ਸੁੰਦਰ ਦਾਸ, ਹਜ਼ਾਰੀ ਪ੍ਰਸਾਦ ਦ੍ਵਿਵੇਦੀ, ਅਤੇ ਹੁਲ ਸਾਂਕ੍ਰਿਤਿਆਯਨ ਨੇ ਭੀ ਕਾਫ਼ੀ ਗੁੰਝਲਾਂ ਨੂੰ ਨਖੇੜਿਆ ਹੈ। ਪੰਜਾਬੀ ਦੇ ਵਿਦਵਾਨ ਭੀ ਇਸ ਦਿਸ਼ਾ ਵਿੱਚ ਕਿਸੇ ਨਾਲੋਂ ਘੱਟ ਨਹੀਂ ਰਹੇ ਹਨ—ਪੰਡਿਤ ਸ਼ਰਧਾ ਰਾਮ ਫਲੌਰੀ ਦੀ 'ਪੰਜਾਬੀ ਬਾਤ ਚੀਤ', ਪ੍ਰੋ. ਦੁਨੀ ਚੰਦ ਲਾਲ ਦੀ 'ਹਿੰਦੀ ਪਜਾਬੀ ਭਾਸ਼ਾ ਵਿਗਿਆਨ', (੧੯੨੫) ਈ. ਪ੍ਰੋ. ਰਾਮ ਸਿੰਘ ਨੇ 'ਸ਼ਬਦ ਚਮਤਕਾਰ' (੧੯੨੯), ਡਾ. ਬਨਾਰਸੀ ਦਾਸ ਨੇ 'ਲੁਧਿਆਣਾ ਫੋਨੇਟਿਕ ਰੀਡਰ' (੧੯੩੪) ਅਤੇ 'ਫੋ-ਨੋਲਾਜੀ ਆਫ਼ ਪੰਜਾਬੀ' ਆਦਿ ਪੁਸਤਕਾਂ ਭੀ ਲਿਖੀਆਂ।

ਉਤੇ ਅਸੀਂ ਦਸਿਆ ਹੈ ਕਿ ਬੋਲੀ ਵਿੱਚ ਜੇ ਕੋਈ ਵਿਸ਼ੇਸ਼ ਭੇਦ ਹੈ ਤਾਂ ਉਹ ਕੇਵਲ ਉਚਾਰਣ ਦਾ ਹੀ ਹੈ। ਹੁਣ ਅਸੀਂ ਅੱਗੇ ਇਹ ਦਸਣ ਲਗੇ ਹਾਂ ਕਿ ਬੋਲੀਆਂ ਦੇ ਮੁਖ-ਭੇਦ ਕਿਥੇ ਕਿਥੇ ਅਤੇ ਕਿਹੜੇ ਕਿਹੜੇ ਹਨ। ਵੈਦਿਕ ਭਾਸ਼ਾ

---

*ਮਿਸਟਰ ਕੇਰੀ ਨੇ (A Grammer of Punjabi Language "1822 A. D.
ਮਿਸਟਰ ਬੇਅਰਜ਼ ਨੇ English Punjabi Dictionery "1829 A. D.)

ਤੋਂ ਬਣਨ ਵਾਲੀਆਂ ਦੇਸੀ ਭਾਸ਼ਾਵਾਂ ਨੂੰ ਕਈ ਵਿਦਵਾਨ ਆਰੀਆ ਭਾਸ਼ਵਾਂ ਦੇ ਨਾਂ ਨਾਲ ਸਦਦੇ ਹਨ। ਇਹ ਜਾਣ ਲੈਣਾ ਜ਼ਰੂਰੀ ਹੈ ਕਿ ਇਹ ਆਰੀਆ ਭਾਸ਼ਾਵਾਂ ਵਧੇਰੇ ਕਰਕੇ ਕਿਥੇ ਕਿਥੇ ਬੋਲੀਆਂ ਜਾਂਦੀਆਂ ਹਨ।

ਮੱਧ ਦੇਸ਼ ਦੀ ਭਾਸ਼ਾ ਉਤਰੀ ਭਾਰਤ ਦੇ ਮੱਧ ਵਿੱਚ ਅਤੇ ਉਸ ਦੇ ਚਾਰ ਚੁਫੇਰੇ ਫੈਲੀ ਹੋਈ ਹੈ। ਸਾਧਾਰਣ ਤੌਰ ਤੇ ਇਸ ਨੂੰ ਪੱਛਮੀ ਹਿੰਦੀ ਕਿਹਾ ਜਾਂਦਾ ਹੈ, ਬਾਂਗਰੂ, ਬ੍ਰਜ ਭਾਸ਼ਾ, ਕਨੌਜੀ, ਅਤੇ ਬੁੰਧੇਲਖੰਡੀ ਭਾਸ਼ਾਵਾਂ ਇਸ ਦੇ ਹੀ ਹੇਠਾਂ ਹਨ। ਬਾਂਗਰੂ ਭਾਸ਼ਾ ਜਮਨਾ ਦੇ ਪੱਛਮ ਵਿੱਚ ਪੂਰਬ-ਦੱਖਣ-ਪੰਜਾਬ ਦੀ ਅਤੇ ਰਾਜਸਥਾਨੀ ਬੋਲੀਆਂ ਹਨ। ਪੱਛਮੀ ਹਿੰਦੀ ਆਧੁਨਿਕ ਕਾਲ ਦੀ 'ਖੜੀ ਬੋਲੀ ਕਹਾਉਂਦੀ ਹੈ। ਬਾਂਗਰੂ ਭਾਸ਼ਾ ਬਾਂਗਰ ਪ੍ਰਾਂਤ ਦੀ ਬੋਲੀ ਹੈ, ਇਸ ਨੂੰ ਹਰਿਆਨੀ ਭਾਸ਼ਾ ਭੀ ਕਿਹਾ ਜਾਂਦਾ ਹੈ। 'ਕਰਨਾਟਕ' ਵਿੱਚ ਇਹੋ ਭਾਸ਼ਾ ਜਾਟੂ ਅਖਵਾਉਂਦੀ ਹੈ ਕਿਉਂਕਿ ਉਥੇ ਜੱਟ ਲੋਕ ਇਸ ਬੋਲੀ ਨੂੰ ਬੋਲਦੇ ਹਨ।

ਅਸੀਂ ਦੇਖ ਚੁਕੇ ਹਾਂ ਕਿ ਅਪਭ੍ਰੰਸ਼ ਭਾਸ਼ਾਵਾਂ ਆਧੁਨਿਕ ਬੋਲੀਆਂ ਦੀਆਂ ਮਾਵਾਂ ਹਨ। ਪੰਜਾਬ ਪ੍ਰਾਂਤ ਦੀਆਂ ਬੋਲੀਆਂ ਤੋਂ ਸਪਸ਼ਟ ਜਾਪਦਾ ਹੈ ਕਿ ਜਿਹੜੀ ਭਾਸ਼ਾ ਪ੍ਰਚੱਲਿਤ ਸੀ ਉਸ ਉਤੇ ਅਭੀਰ, ਅਹੀਰ ਗੁਜਰ ਜਾਟ, ਗੱਖੜ, ਕੇਕੇਯ, ਨੱਟ ਅਤੇ ਅਨੇਕ ਯੂਨਾਨੀ ਸੀਥੀਆਨ, ਹੁਣ, ਸ਼ੱਕ, ਕੁਸ਼ਾਨ, ਈਰਾਨੀ, ਆਦਿ ਲੋਕਾਂ ਦੀਆਂ ਬੋਲੀਆਂ ਦਾ ਪ੍ਰਭਾਵ ਪਇਆ। ਜਦ ਮੁਸਲਮਾਨਾਂ ਦੇ ਹਮਲੇ ਸ਼ੁਰੂ ਹੋਏ, ਉਸ ਕਾਲ ਵਿੱਚ ਤਾਂ ਪੰਜਾਬੀ ਦਾ ਰੂਪ ਹੋਰ ਭੀ ਅੱਡਰਾ ਹੋ ਗਇਆ ਅਤੇ ਪੰਜਾਬੀ ਵਿੱਚ ਤੁਰਕੀ, ਅਰਬੀ, ਫਾਰਸੀ, ਬਲੋਚੀ ਆਦਿ ਕਈ ਭਾਸ਼ਾਵਾਂ ਦੇ ਸ਼ਬਦ ਮਿਲ ਜੁਲ ਗਏ'। ਪੁਰਤਗਾਲੀਆਂ, ਫ਼ਰਾਂਸੀਸੀਆਂ, ਡੱਚਾਂ, ਅਤੇ ਅੰਗਰੇਜ਼ਾਂ ਦੇ ਭੀ ਕਈ ਸ਼ਬਦ ਪੰਜਾਬੀ ਨੇ ਅਪਣੇ ਵੱਖਰੇ ਰੂਪ ਵਿੱਚ ਬੋਲ ਕੇ ਹਜ਼ਮ ਕੀਤੇ। ਸੋ ਅਜ ਦੀ ਪੰਜਾਬੀ ਇਨ੍ਹਾਂ ਸਾਰੀਆਂ ਬੋਲੀਆਂ ਦੀ ਇੱਕ ਮਿਲੀ ਜੁਲੀ ਸੰਯੁਕਤ ਭਾਸ਼ਾ ਬਣ ਗਈ।

ਪੰਜਾਬੀ ਭਾਸ਼ਾ ਹਿੰਦੀ ਦੇ ਉਤਰ ਪੱਛਮ ਵੇਲੇ ਬੋਲੀ ਜਾਂਦੀ ਹੈ। ਪੂਰਬੀ ਪੰਜਾਬ ਵਿੱਚ ਹਿੰਦੀ ਨਾਲ ਰਲਦੀ ਮਿਲਦੀ ਪੰਜਾਬੀ ਹੈ ਅਤੇ ਪੱਛਮੀ ਪੰਜਾਬ ਵਿੱਚ ਲਹਿੰਦੀ ਹੈ, ਜਿਹੜੀ ਕਿ ਵੱਖੋ ਵੱਖ ਰੰਗਾਂ ਵਿੱਚ ਸੱਜਿਤ ਹੈ। ਪੰਜਾਬੀ ਦੇ ਵਰਣ ਜਾਂ ਅੱਖਰ ਰਾਜਪੂਤਾਨੇ ਦੀ ਮਹਾਜਨੀ ਭਾਵ ਲੰਡੇ, ਕਸ਼ਮੀਰ ਦੀ ਸ਼ਾਰਦਾ, ਅਤੇ ਯੂਨਾਨੀ ਲਿਪੀ ਨਾਲ ਵਧੇਰੇ ਮਿਲਦੇ ਹਨ। ਪੰਜਾਬੀ ਲਿੱਪੀ ਵਿੱਚ ਸ੍ਵਰ ਤਿੰਨ ਹਨ ਅਤੇ ਵਿਅੰਜਨ ਅਨੇਕ, ਜਿਹੜੇ ਵੱਖੋ ਵੱਖ ਢੰਗਾਂ ਨਾਲ ਲਿਖੇ ਜਾਂਦੇ ਹਨ। ਸਿੱਖਾਂ ਦੀ ਦੂਜੀ ਪਾਤਸ਼ਾਹੀ ਗੁਰੂ ਅੰਗਦ ਦੇਵ ਜੀ ਨੇ ਇਸਦਾ ਨਿਰਮਾਣ ਜਾਂ ਸੋਧ ਸੋਲਵੀਂ ਸਦੀ ਵਿੱਚ ਕੀਤਾ। ਇਸੇ ਕਰਕੇ ਇਸ ਨੂੰ ਗੁਰਮੁਖੀ ਕਹਿਆ ਜਾਂਦਾ ਹੈ। ਪੰਜਾਬੀ ਲਿੱਪੀ ਸਾਰੀਆਂ ਥਾਵਾਂ ਉਤੇ ਇਕੋ ਢੰਗ ਨਾਲ ਲਿਖੀ ਜਾਂਦੀ ਹੈ। ਬੋਲੀ

ਵਿਚ ਭੇਦ ਜ਼ਰੂਰ ਹੈ। ਅੰਮ੍ਰਿਤਸਰ ਦੇ ਆਲੇ ਦੁਆਲੇ ਜਿਹੜੀ ਪੰਜਾਬੀ ਬੋਲਣ ਵਿੱਚ ਆਉਂਦੀ ਹੈ, ਉਹਨੂੰ ਪੰਜਾਬੀ ਦਾ ਸ੍ਰੇਸ਼ਟ ਰੂਪ ਮੰਨਿਆਂ ਜਾਂਦਾ ਹੈ।

ਅੰਮ੍ਰਿਤਸਰ ਜ਼ਿਲ੍ਹੇ ਦੀ ਬੋਲੀ ਨੂੰ ਮਾਝੀ ਵੀ ਕਹਿਆ ਜਾਂਦਾ ਹੈ। ਇਹੋ ਹੀ ਉਹ ਠੇਠ ਪੰਜਾਬੀ ਹੈ, ਜਿਸ ਵਿੱਚ ਵੱਖੋ ਵੱਖ ਮੁਸਲਮਾਨ ਕਵੀਆਂ ਨੇ ਭੀ ਸਾਹਿੱਤ ਰਚਨਾ ਕੀਤੀ। ਮੁਸਲਮਾਨਾਂ ਦੀ ਲਿੱਪੀ ਵਧੇਰੇ ਕਰਕੇ ਉਰਦੂ ਹੀ ਰਹਿੰਦੀ ਸੀ, ਪਰ ਉਨ੍ਹਾਂ ਦਾ ਸਾਹਿੱਤ ਗੂੜ੍ਹ ਪੰਜਾਬੀ ਦਾ ਚੰਗਾ ਨਮੂਨਾ ਹੈ। ਵਧੇਰੇ ਕਰਕੇ ਮੁਸਲਮਾਨ ਸਾਹਿੱਤਕਾਰਾਂ ਨੇ ਜ਼ਿਲਾ ਗੁਜਰਾਤ ਅਤੇ ਗੁਜਰਾਂਵਾਲੇ ਵਿੱਚ ਬੋਲੀ ਜਾਣ ਵਾਲੀ ਭਾਸ਼ਾ ਵਿੱਚ ਸਾਹਿੱਤ ਰਚਨਾ ਕੀਤੀ ਹੈ। ਇਨ੍ਹਾਂ ਦੀ ਭਾਸ਼ਾ ਵੀ ਹਿੰਦੀ ਸਾਹਿੱਤਕਾਰਾਂ ਤੋਂ ਵਧੇਰੀ ਮਾਂਜੀ ਪੋਚੀ ਹੋਈ ਅਤੇ ਠੇਠ ਸੀ। ਇਨ੍ਹਾਂ ਦੀਆਂ ਰਚਨਾਵਾਂ ਵਿੱਚ ਪੱਛਮੀ ਹਿੰਦੀ ਦਾ ਰੰਗ ਵੀ ਹੁੰਦਾ ਹੈ।

ਪ੍ਰਸ਼ਨ ਉਠਦਾ ਹੈ ਕਿ ਇਸ ਪ੍ਰਾਂਤ ਦਾ ਨਾਮ 'ਪੰਜਾਬ' ਅਤੇ ਬੋਲੀ ਨੂੰ 'ਪੰਜਾਬੀ' ਕਦ ਤੋਂ ਸਦਿਆ ਜਾਣ ਲਗਾ। ਇਸ ਦੇ ਸੰਬੰਧ ਵਿੱਚ ਭੀ ਵਿਦਵਾਨਾਂ ਦੇ ਅਲਗ ੨ ਮਤ ਹਨ। ਸੰਨ ੧੫੯੬ ਵਿੱਚ ਸੁੰਦਰ ਦਾਸ ਨਾਂ ਦੇ ਇੱਕ ਰਾਜਸ-ਥਾਨੀ ਕਵੀ ਨੇ ਸਭ ਤੋਂ ਪਹਿਲਾਂ ਇਸ ਪ੍ਰਦੇਸ਼ ਨੂੰ ਪੰਜਾਬ ਨਾਂ ਨਾਲ ਯਾਦ ਕੀਤਾ, ਪਰ ਉਸ ਸਮੇਂ ਵੀ ਇਥੋਂ ਦੀ ਬੋਲੀ ਨੂੰ ਪੰਜਾਬੀ ਨਹੀਂ ਸੀ ਕਿਹਾ ਜਾਂਦਾ। ਵਧੇਰੇ ਲੋਕ ਇਥੋਂ ਦੀ ਬੋਲੀ ਨੂੰ ਮੁਲਤਾਨੀ, ਲਾਹੌਰੀ, ਪੋਠੋਹਾਰੀ, ਮਾਝੀ, ਝਾਂਗੀ, ਮਲਵਈ, ਜਾਂ ਲਹਿੰਦੀ ਆਦਿ ਵੱਖੋ ਵੱਖ ਨਾਵਾਂ ਨਾਲ ਸਦਦੇ ਸਨ। ਵਿਦਵਾਨਾਂ ਦੀ ਕਾਵਿ-ਰਚਨਾ ਵਿੱਚ ਤਾਂ ਵਧੇਰੇ ਸਮੇਂ ਬਾਅਦ ਤਕ ਭੀ ਇਥੋਂ ਦੀ ਭਾਸ਼ਾ ਨੂੰ 'ਹਿੰਦੀ' ਹੀ ਕਹਿੰਦੇ ਹਨ। ਈ. ਸੰਨ ੧੭੦੮ ਅਬਦੁਲ ਕਰੀਮ ਨਾਂ ਦੇ ਕਵੀ ਨੇ 'ਨਿਜਾਤੁਲ ਮੋਮਨੀਨ' ਪੁਸਤਕ ਵਿੱਚ ਲਿਖਿਆ ਹੈ—

ਫ਼ਰਜ਼ ਮਸਾਇਲ ਫ਼ਿੱਕਾ ਦੇ, ਹਿੰਦੀ ਕਰ ਤਾਲੀਮ।
ਕਾਰਨ ਮਰਦਾ ਉਹ ਮੀਆਂ, ਜੋੜੇ ਅਬਦੁਲ ਕਰੀਮ।

ਈ: ਸੰਨ ੧੭੧੧ ਵਿੱਚ ਹਾਫ਼ਜ਼ ਮੋਈਯੁਦੀਨ ਨਬੀਨਾ ਨਾਮ ਦੇ ਕਵੀ ਨੇ ਇੱਕ ਫਾਰਸੀ ਕਸੀਦੇ ਦਾ ਅਨੁਵਾਦ ਕਰਦੇ ਹੋਏ ਲਿਖਿਆ ਹੈ:-

'ਇਸ ਅਰਬੀ ਥੀਂ ਹਿੰਦੀ ਕੀਜੈ,
ਸਭੇ ਖੁਲਕ ਸੁਖੱਲੇ ਲੀਜੈ।
ਖ਼ਾਨ ਸਾਦ ਲਾ ਨੇ ਫਰਮਾਇਆ,
ਕਸੀਦਾ ਸ਼ੇਰ ਅੰਮ੍ਹਾਲੀ ਹੈ।

ਇਸੇ ਤਰ੍ਹਾਂ 'ਗੁਲਜ਼ਾਰ ਆਦਮ' ਪੁਸਤਕ ਵਿੱਚ ਮੌਲਵੀ ਮੁਹੰਮਦ ਮੁਸਲਿਮ ਨੇ ਈ. ਸੀ. ੧੮੭੨ ਵਿੱਚ ਲਿਖਿਆ ਹੈ —

ਇੱਕ ਦਿਨ ਦਿਲ ਵਿੱਚ ਗੁਜ਼ਰਿਆ,
ਮੇਰੇ ਇਹ ਖਿਆਲ ।
ਹਿੰਦੀ ਇਹ ਖਿਆਲ ।
ਹਿੰਦੀ ਵਿੱਚ ਪੈਗੰਬਰਾ,
ਦਾ ਕੁਝ ਮੈਂ ਆਖਾਂ ਹਾਲ।

ਸਾਨੂੰ ਉਪ੍ਰੋਕਤ ਤੁਕਾਂ ਤੋਂ ਪਤਾ ਲਗਦਾ ਹੈ ਕਿ ੧੮੭੨ ਈ: ਤਕ ਪੰਜਾਬੀ ਨੂੰ ਹਿੰਦੀ ਕਿਹਾ ਜਾਂਦਾ ਸੀ, ਪਰ ਦੂਜੇ ਪਾਸੇ ਅਸੀਂ ਦੇਖਦੇ ਹਾਂ ਕਿ ਇਸ ਸਮੇਂ ਤੋਂ ਲਗ ਭਗ ੧੭੦ ਵਰ੍ਹੇ ਪਹਿਲਾਂ ਸੰਨ ੧੭੦੨ ਈ: ਵਿਚ ਹੀ ਹਾਫ਼ਜ਼ ਬਰਖੁਰਦਾਰ ਨੇ ਅਪਣੀ ਪੁਸਤਕ 'ਲਿਫਤਾਹੁਲ ਫਿਕੇਹ' ਵਿੱਚ ਪੰਜਾਬੀ ਨੂੰ ਪੰਜਾਬੀ ਕਹਿਆ ਹੈ —

'ਹਜ਼ਰਤ ਮੋਮਨ ਦਾ ਫੁਰਮਾਇਆ,
ਇਸ ਵਿੱਚ ਇਹ ਖਿਆਲ ।
ਤੁਰਤ ਪੰਜਾਬੀ ਆਖ ਸੁਨਾਵੀਂ,
ਜੇ ਕੋ ਹੋਵੇ ਮਾਇਲ ।

ਸੋ ਉਤਲੀ ਦਲੀਲ ਤੋਂ ਅਸੀਂ ਇਸ ਸਿਟੇ ਤੇ ਪੁਜਦੇ ਹਾਂ ਕਿ ੧੭੦ ਈ: ਤੋਂ ਪਹਲਾਂ ਪੰਜਾਬ ਦਾ ਜਾਂ ਪੰਜਾਬੀ ਦਾ ਨਾਮ ਕਰਣ ਹੋ ਚੁਕਿਆ ਸੀ । ਚਾਹੇ ਬਿਹੁ ਨਾਂ ਵਧੇਰੇ ਕਰਕੇ ਪ੍ਰਚਲਿਤ ਨਹੀਂ ਸੀ ਹੋਇਆ ।

ਪੰਜਾਬੀ ਸਾਹਿੱਤ ਦੇ ਨਿਕਾਸ ਅਤੇ ਵਿਕਾਸ ਉਤੇ ਵਿਚਾਰ ਕਰਨ ਤੋਂ ਉਪ੍ਰੰਤ ਪੰਜਾਬੀ ਲਿਪੀ ਦੇ ਨਿਕਾਸ ਦੇ ਸੰਬੰਧ ਵਿੱਚ ਭੀ ਵਿਚਾਰ ਕਰ ਲੈਣਾ ਉਚਿਤ ਹੈ । ਲਿੱਪੀ ਦੀ ਉਤਪਤੀ ਦੇ ਸੰਬੰਧ ਵਿੱਚ ਵਿਦਵਾਨਾਂ ਦੇ ਦੋ ਮਤ ਹਨ । ਕੁਝ ਵਿਦਵਾਨ ਪੰਜਾਬੀ ਲਿੱਪੀ ਨੂੰ ਆਦਿ ਕਾਲ ਸੰਬੰਧਤ ਕਰਦੇ ਹਨ ਅਤੇ ਕੁਝ ਇਸ ਦੀ ਹੋਂਦ ਸਿਖਾਂ ਦੇ ਦੂਜੇ ਗੁਰੂ ਅੰਗਦ ਦੇਵ ਜੀ ਦੇ ਦੁਆਰਾ ਹੋਈ ਮੰਨਦੇ ਹਨ ।

ਪੰਜਾਬੀ ਦੇ ਚੋਟੀ ਦੇ ਵਿਦਵਾਨ ਸ੍ਰ. ਜੀ. ਬੀ. ਸਿੰਘ ਇਸ ਦੀ ਉਤਪਤੀ ਗੁਰੂ ਕਾਲ ਤੋਂ ਵਧੇਰੀ ਪਹਿਲਾਂ ਦੀ ਮੰਨਦੇ ਹਨ ਅਤੇ ਦੂਜੇ ਯੂਰਪੀ ਅਤੇ ਭਾਰਤੀ ਵਿਦਵਾਨ ਇਸ ਦੀ ਉਤਪਤੀ ਪਿਛੋਂ ਦੀ ਮੰਨਦੇ ਹਨ। ਯੂਰਪੀ ਵਿਦਵਾਨਾਂ ਵਿੱਚ ਵਿਸ਼ੇਸ਼ ਖੋਜ ਡਾ. ਗਰੀਅਰ ਸਨ, ਪ੍ਰੋ. ਬੀਮਜ਼, ਨਿਊਟਨ, ਅਤੇ ਲਾਈਟਨਰ, ਨੇ ਕੀਤੀ ਹੈ । ਇਨ੍ਹਾਂ ਤੋਂ ਪਿਛੋਂ ਭਾਰਤੀ ਵਿਦਵਾਨਾਂ ਵਿੱਚ ਲਾਲਾ ਦਨੀ ਚੰਦ, ਡਾ. ਮੋਹਨ ਸਿੰਘ, ਪ੍ਰੋ. ਰਾਮ ਸਿੰਘ, ਪੰਡਤ ਕਰਤਾਰ ਸਿੰਘ, ਪ੍ਰੋ. ਸਾਹਿਬ ਸਿੰਘ, ਮਾਸਟਰ ਕਰਮ ਸਿੰਘ ਗੰਗਾ ਵਾਲਾ, ਡਾ. ਬਨਾਰਸੀ ਦਾਸ, ਪ੍ਰੋ. ਕਰਤਾਰ ਸਿੰਘ ਅਤੇ ਪ੍ਰੋ. ਜੀ. ਬੀ. ਸਿੰਘ ਆਦਿ ਨੇ ਭੀ ਵਧੇਰੀਆਂ ਖੋਜਾਂ ਕੀਤੀਆਂ ਹਨ ।

(ਚਲਦਾ)

# ਪੰਜਾਬੀ ਸਾਹਿੱਤ ਤੇ ਬੋਲੀ

## ਵਿੱਚ ਖੋਜ ਲਈ ਪਿਆਰ ਰਖੰਦਿਆਂ ਪ੍ਰਤੀ

ਪਿਆਰੇ ਵੀਰ/ਭੈਣ ਜੀ,

ਆਪ ਜੀ ਨੂੰ ਪਤਾ ਹੀ ਹੈ ਕਿ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਵਲੋਂ ਪੰਜਾਬੀ ਬੋਲੀ ਤੇ ਸਾਹਿੱਤ ਦੀ ਉੱਨਤੀ ਲਈ ਚੰਗਾ ਨਿੱਗਰ ਕੰਮ ਹੋ ਰਹਿਆ ਹੈ। ਹੋਰ ਭੀ ਕਈ ਚੰਗੀਆਂ ਚੰਗੀਆਂ ਸੰਸਥਾਵਾਂ ਅਪਣੇ ਅਪਣੇ ਵਿਤ ਅਨੁਸਾਰ ਹੰਭਲਾ ਮਾਰ ਰਹੀਆਂ ਹਨ। ਪਰ ਅਜੇ ਤਕ ਪੰਜਾਬੀ ਬੋਲੀ ਤੇ ਸਾਹਿੱਤ ਸੰਬੰਧੀ ਖੋਜ ਖਾਸੀ ਪਛੜੀ ਹੋਈ ਹੈ। ਹਰ ਸੰਸਥਾ ਦੇ ਅਪਣੇ ਅਪਣੇ ਰੁਝੇਵੇਂ ਬਹੁਤ ਹਨ। ਏਸ ਲਈ ਲੋੜ ਪਰਤੀਤ ਹੋ ਰਹੀ ਹੈ ਕਿ ਇੱਕ ਪੰਜਾਬੀ ਰੀਸਰਚ ਇਨਸਟੀਚਿਊਟ ਕਾਇਮ ਕੀਤੀ ਜਾਵੇ। ਇਸ ਦਾ ਕੰਮ ਕੇਵਲ ਰੀਸਰਚ ਕਰਨੀ ਤੇ ਕਰਾਉਣੀ ਤੇ ਚੰਗੀ ਪਧਰ ਦੀ ਰੀਸਰਚ ਨੂੰ ਪਰਕਾਸ਼ਤ ਕਰਨਾ ਹੀ ਹੋਵੇ। ਭਾਵੇਂ ਭਾਸ਼ਾ ਵਿਭਾਗ, ਪੰਜਾਬ ਯੂਨੀਵਰਸਟੀ ਤੇ ਬਣ ਰਹੀ ਪੰਜਾਬੀ ਯੂਨੀਵਰਸਟੀ ਏਸ ਪਾਸੇ ਧਿਆਨ ਦੇ ਰਹੀਆਂ ਹਨ ਤੇ ਦੇਣਗੀਆਂ ਵੀ ਪਰ ਇਨ੍ਹਾਂ ਦੇ ਜਤਨ ਸੀਮਤ ਹਨ। ਏਸ ਲਈ ਲੋੜ ਹੈ ਕਿ ਕੋਈ ਵਾਲੰਟਰੀ ਜੱਥੇਬੰਦੀ ਵੀ ਕਾਇਮ ਕੀਤੀ ਜਾਵੇ। ਅਜੇਹੀਆਂ ਵਿਅਕਤੀਆਂ ਤੇ ਪਰਿਤਭਾਵਾਂ ਹਨ ਜਿਹੜੀਆਂ ਸਰਕਾਰੀ ਤੇ ਨੀਮ ਸਰਕਾਰੀ ਸੰਸਥਾਵਾਂ ਰਾਹੀਂ ਰੀਸਰਚ ਨਹੀਂ ਕਰ ਸਕਦੀਆਂ ਤੇ ਅਜੇਹੇ ਹਾਲਾਤ ਹਨ ਜਿਹੜੇ ਸਰਕਾਰੀ ਸੰਸਥਾਵਾਂ ਨਹੀਂ ਪੈਦਾ ਕਰ ਸਕਦੀਆਂ।

ਅਜੇਹਾ ਕਰਨ ਲਈ ਤੇ ਕਰ ਸਕਣ ਲਈ ਇੱਕ ਪੰਜਾਬੀ ਰੀਸਰਚ ਇਨਸੀਚਿਊਟ ਦੀ ਲੋੜ ਹੈ। ਇਹ ਕੇਵਲ ਆਪ ਜੀ ਦੇ ਦਿਲੀ ਸਹਿਯੋਗ ਨਾਲ ਹੀ ਕਾਇਮ ਹੋ ਸਕਦੀ ਹੈ।

ਇਸ ਸੰਬੰਧੀ ਵਿਚਾਰਾਂ ਤੇ ਫੈਸਲੇ ਕਰਨ ਲਈ ਪੰਜਾਬੀ ਪ੍ਰੋਫੈਸਰਾਂ, ਰੀਸਰਚ ਸਕਾਲਰਾਂ ਤੇ ਵਿਦਵਾਨਾਂ ਦੀ ਇਕਤਰਤਾ ਪੰਜ ਨਵੰਬਰ ਐਤਵਾਰ ਨੂੰ ਮਾਲਵਾ ਟ੍ਰੇਨਿੰਗ ਕਾਲਜ, ਲੁਧਿਆਣਾ ਵਿੱਚ ਸਵੇਰੇ ੧੧ ਵਜੇ ਨੀਅਤ ਕੀਤੀ ਗਈ ਹੈ। ਆਪ ਜੀ ਨੇ ਸਭ ਰੁਝੇਵੇਂ ਛੱਡ ਕੇ ਜ਼ਰੂਰ ਦਰਸ਼ਨ ਦੇਣੇ ਤਾਂ ਜੋ ਇਨਸਟੀਚਿਊਟ ਦੀ ਸਥਾਪਨਾ ਵੀ ਉਸੇ ਦਿਨ ਹੀ ਕਰ ਦਿੱਤੀ ਜਾਵੇ।

ਪ੍ਰਾਰਥਕ

**ਸ਼ੇਰ ਸਿੰਘ**

(ਡਾਕਟਰ)

ਹ ਮੇ ਸ਼ਾ

ਇੰਦਰ-ਧਨੁਸ਼ ਦੇ ਚਾਰ ਖ਼ੂਬਸੂਰਤ ਰੰਗਾਂ ਵਿੱਚ

ਅਤੇ

ਚਿੱਟਾ

ਲਕਸ

ਵਰਤੋ ।

ਡਿਸਟਰੀਬਿਊਟਰਜ਼ ਸਟਾਕਿਸਟਸ ਹਿੰਦੁਸਤਾਨ ਲੀਵਰ ਬਰਾਦਰਜ਼

ਮੈਸਰਜ਼ ਰਤਨ ਸਿੰਘ ਜਸਵੰਤ ਸਿੰਘ

ਤਾਲਾਬ ਬਾਜ਼ਾਰ, ਲੁਧਿਆਣਾ ।

ਟੈਲੀਫੋਨ ਨੰ: ੧੧੯੦

✱✱✱✱✱✱✱✱✱✱✱✱✱✱✱✱✱✱✱✱✱✱★

## ਸ਼ੋਕ !

"ਪੰਜਾਬੀ ਸਾਹਿੱਤ ਅਕਾਡਮੀ ਦੀ ਕਾਰਜ ਸਾਧਕ ਕਮੇਟੀ ਦੀ ਇਹ ਇਕੱਤ੍ਰਤਾ ਅਕਾਡਮੀ ਦੇ ਜੀਵਨ-ਮੈਂਬਰ ਸ: ਕਰਤਾਰ ਸਿੰਘ ਸੰਧੂ, ਰੀਟਾਇਰਡ ਰਜਿਸਟਰਾਰ, ਪੈਪਸੂ ਹਾਈਕੋਰਟ ਦੇ ਅਕਾਲ-ਚਲਾਣੇ ਉਤੇ ਹਾਰਦਿਕ ਸ਼ੋਕ ਪ੍ਰਗਟ ਕਰਦੀ ਹੈ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਦਿਲੀ ਹਮਦਰਦੀ ਪ੍ਰਗਟ ਕਰਦੀ ਹੈ ।"

੮-੧੦-੧੯੬੧

# ਆਲੋਚਨਾ ਸੰਬੰਧੀ ਸੂਚਨਾਵਾਂ

੧. 'ਆਲੋਚਨਾ' ਇਕ ਮਾਸਿਕ ਪੱਤਰ ਹੈ। ਇਹ ਹਰ ਮਹੀਨੇ ਦੀ ਪਹਿਲੀ ਤਾਰੀਖ ਨੂੰ ਪ੍ਰਕਾਸ਼ਿਤ ਹੋਕੇ ਸਭ ਪਾਠਕਾਂ ਦੇ ਹੱਥ ਵਿੱਚ ਪਹੁੰਚ ਜਾਂਦਾ ਹੈ। ਪਾਠਕ ਸੰਭਾਲ ਕਰ ਲਇਆ ਕਰਨ।

੨. ਚੰਦਾ : 'ਆਲੋਚਨਾ' ਕਿਸੇ ਨੂੰ ਨਮੂਨੇ ਵਜੋਂ ਨਹੀਂ ਭੇਜਿਆ ਜਾਂਦਾ। ਚੰਦਾ ਇਕ ਪਰਚੇ ਲਈ ਪੰਜਾਹ ਨ: ਪੈ: (ਭਾਰਤ ਤੋਂ ਬਾਹਰ ਭੇਜਣ ਲਈ ੭੫ ਨ: ਪੈ:) ਤੇ ਸਾਲ ਲਈ ਪੰਜ ਰੁਪਏ (ਭਾਰਤ ਤੋਂ ਬਾਹਰ ਭੇਜਣ ਲਈ ਅੱਠ ਰੁਪਏ) ਪੇਸ਼ਗੀ ਆਉਣੇ ਜ਼ਰੂਰੀ ਹਨ। 'ਆਲੋਚਨਾ' ਵੀ. ਪੀ. ਪੀ. ਦੁਆਰਾ ਭੀ ਨਹੀਂ ਭੇਜਿਆ ਜਾਂਦਾ।

੩. 'ਆਲੋਚਨਾ' ਵਿਚ ਕੇਵਲ ਸਾਹਿੱਤਕ ਖੋਜ ਤੇ ਸਮਾਲੋਚਨਾ ਦੇ ਲੇਖ ਹੀ ਛਾਪੇ ਜਾਂਦੇ ਹਨ, ਜਾਂ ਪੰਜਾਬੀ ਵਿਚ ਛਪੀਆਂ ਪੁਸਤਕਾਂ ਦੇ ਰੀਵਿਊ।

੪. 'ਆਲੋਚਨਾ' ਵਿੱਚ ਪ੍ਰਕਾਸ਼ਿਤ ਹਰੇਕ ਲੇਖ ਦਾ ਮੁਨਾਸਬ ਮੁਆਵਜ਼ਾ ਦਿੱਤਾ ਜਾਂਦਾ ਹੈ ਤੇ ਨਾਲੇ ਉਸ ਦੇ ਲੇਖ ਦੀਆਂ ਪੰਜ ਕਾਪੀਆਂ ਭੀ ਭੇਜੀਆਂ ਜਾਂਦੀਆਂ ਹਨ।

੫. 'ਆਲੋਚਨਾ' ਦੇ ਕਿਸੇ ਅੰਕ ਦੇ ਛਪਣ ਤੋਂ ਘਟ ਤੋਂ ਘਟ ਇਕ ਮਹੀਨਾ ਪਹਿਲਾਂ ਉਸ ਅੰਕ ਲਈ ਲੇਖ ਪਹੁੰਚ ਜਾਣੇ ਜ਼ਰੂਰੀ ਹਨ।

੬. ਨਾ-ਪਰਵਾਨ ਹੋਇਆ ਲੇਖ ਮੰਗਣ ਤੇ ਵਾਪਸ ਕਰ ਦਿੱਤਾ ਜਾਂਦਾ ਹੈ।

੭. ਹਰ ਲੇਖ ਸਾਫ਼, ਸ਼ੁੱਧ ਤੇ ਕਾਗਜ਼ ਦੇ ਇਕ ਪਾਸੇ ਲਿਖਿਆ ਹੋਣਾ ਚਾਹੀਦਾ ਹੈ ਪਦ-ਜੋੜ ਭੀ ਪ੍ਰਵਾਣਤ ਨਿਯਮ ਅਨੁਸਾਰ ਹੋਣੇ ਚਾਹੀਦੇ ਹਨ।

੮. ਏਜੰਸੀ ਪਰਚੂਨ ਨਿਰਖ ਤੇ ੩੩% ਕਮਿਸ਼ਨ ਤੇ ਦਿੱਤੀ ਜਾਂਦੀ ਹੈ। ਏਜੰਟ ਸਾਹਿਬਾਨ ਨੂੰ ਚਾਹੀਦਾ ਹੈ ਕਿ ਜਿੰਨੇ ਪਰਚਿਆਂ ਦੀ ਲੋੜ ਹੋਵੇ ਉਤਨਿਆਂ ਪਰਚਿਆਂ ਦੀ ਕੀਮਤ ਪੇਸ਼ਗੀ ਭੇਜਣ। ਦਸ ਪਰਚਿਆਂ ਤੋਂ ਘਟ ਲਈ ਕਮਿਸ਼ਨ ੨੫% ਹੈ।

੯. 'ਆਲੋਚਨਾ' ਵਿੱਚ ਇਸ਼ਤਿਹਾਰ ਭੀ ਦਿਤੇ ਜਾ ਸਕਦੇ ਹਨ। ਨਿਰਖ ਲਿਖਾ ਪੜ੍ਹੀ ਕਰਕੇ ਨਿਯਤ ਕੀਤੇ ਜਾਣ।